ਸਪਤਕ

# ਪੈਗ਼ਾਮ

58

ਨਵੰਬਰ '89 ਕੀਮਤ 5/- ਸੰਪਾਦਕ : ਮਾਲਵਿੰਦਰ ਸਿੰਘ ਮਾਲੀ



ਸ਼ਹੀਦ ਬੇਅੰਤ ਸਿੰਘ

ਦੀ ਪਤਨੀ

ਬਿਮਲ ਕੌਰ ਖਾਲਸਾ

ਨਾਲ

ਇਕ ਵਿਸ਼ੇਸ਼ ਗੱਲਬਾਤ

ਖਾਲਿਸਤਾਨੀ ਲਹਿਰ ਦੀ ਇਕ ਦਸਤਾਵੇਜ਼ ਤੇ ਉਸ 'ਤੇ ਟਿੱਪਣੀ

# ਚੁੱਪ ਰਹਿਣਾ ਵੀ ਜ਼ੁਲਮ ਦਾ ਹਿੱਸਾ ਬਣਨਾ ਹੀ ਹੈ

# ਖਾਮੋਸ਼ੀ ਵੀ ਇਕ ਕਿਸਮ ਦਾ ਤਸ਼ੱਦਦ ਹੀ ਹੈ

—ਅਜੀਤ ਕੌਰ

"ਅੱਜ ਹਰ ਸੋਚਣ ਵਾਲੇ ਤੇ ਸਿਰਜਣਾ ਕਰਨ ਵਾਲੇ ਮਨੁੱਖ ਨੂੰ...ਆਪਣੀ ਸੋਚ ਨੂੰ ਚੰਡ ਕੇ ਤਿੱਖਿਆ ਕਰਨ ਦੀ ਲੋੜ ਹੈ। ਅੱਜ ਸਾਨੂੰ ਆਪਣੀਆਂ ਕਹਾਣੀਆਂ, ਆਪਣੀਆਂ ਨਜ਼ਮਾਂ, ਆਪਣੇ ਡਰਾਮੇ, ਆਪਣੀਆਂ ਪੇਟਿੰਗਾਂ ਲੈ ਕੇ ਸੜਕਾਂ 'ਤੇ, ਚੌਰਾਹਿਆਂ ਵਿਚ ਆ ਖੜੋਣ ਦੀ ਲੋੜ ਹੈ ਤਾਂ ਜੋ ਅਸੀਂ ਲੋਕਾਈ ਨਾਲ, ਅਵਾਮ ਨਾਲ ਜੁੜ ਸਕੀਏ। ਲੋੜ ਹੈ ਅੱਜ ਅਸੀਂ ਸਾਰੇ ਧੋਖੇ-ਧੜੀ ਨੂੰ 'ਨਹੀਂ' ਕਹਿ ਸਕੀਏ, ਪੂਰੇ ਦਮ-ਖਮ ਨਾਲ। ਆਪਣੀ ਅਵਾਜ਼ ਨੂੰ ਬੁਲੰਦ ਕਰ ਕੇ ਉਹਨੂੰ ਝੰਡੇ ਵਾਂਗੂੰ ਲਹਿਰਾਉਣ ਦੀ ਲੋੜ ਹੈ।

ਸਾਨੂੰ ਬੋਲਣਾ ਚਾਹੀਦਾ ਹੈ ਜਦ ਤੱਕ ਸਾਡੇ ਹੋਠ ਸਿਉਂ ਨਾ ਦਿੱਤੇ ਜਾਣ। ਸਾਨੂੰ ਬੋਲਣਾ ਚਾਹੀਦਾ ਹੈ ਜਦ ਤੱਕ ਜ਼ਬਾਨਾਂ ਕੱਟ ਨਾ ਲਈਆਂ ਜਾਣ, ਕਿਉਂਕਿ ਸਿਰਫ ਸਾਡੀ ਸਿਰਜਣਾਤਮਿਕਤਾ ਨੂੰ ਹੀ ਖਤਰਾ ਨਹੀਂ, ਜਿਨ੍ਹਾਂ ਲੋਕਾਂ ਤੱਕ ਅਸਾਂ ਆਪਣੀ ਆਵਾਜ਼ ਨੂੰ—ਜਿਹੜੀ ਆਵਾਜ਼ ਸਾਡੀਆਂ ਕਹਾਣੀਆਂ ਤੇ ਨਜ਼ਮਾਂ ਵਿਚੋਂ ਨਿਕਲ ਕੇ ਗੂੰਜਦੀ ਹੈ—ਉਸ ਆਵਾਜ਼ ਨੂੰ ਅਸਾਂ ਜਿਨ੍ਹਾਂ ਲੋਗਾਂ ਤੱਕ ਬਾਹਵਾਂ ਵਾਂਗੂੰ ਵਧਾਉਣਾ ਏ, ਉਹਨਾਂ ਦੀਆਂ ਜ਼ਿੰਦਗੀਆਂ ਨੂੰ ਖਤਰਾ ਏ!

ਬੋਲੋ, ਤਾਂ ਕਿ ਇਤਿਹਾਸ ਗਵਾਹੀ ਦੇ ਸਕੇ ਕਿ ਇਸ ਸਿਆਹ ਦੌਰ ਵਿਚ ਵੀ ਕੁੱਝ ਹਸਾਸ ਤੇ ਈਮਾਨਦਾਰ ਲੋਗ ਜ਼ਿੰਦਾ ਬਚੇ ਸਨ, ਜਿਨ੍ਹਾਂ ਨੇ ਆਪਣੀਆਂ ਜਾਨਾਂ ਨੂੰ ਦਾਅ 'ਤੇ ਲਗਾ ਦਿੱਤਾ ਸੀ ਤਾਂ ਕਿ ਬੋਲਣ ਦਾ ਹੱਕ ਆਉਣ ਵਾਲੀਆਂ ਨਸਲਾਂ ਤੋਂ ਖੋਹਿਆ ਨਾ ਜਾਵੇ। ਬੋਲੋ, ਤਾਂ ਕਿ ਜਿਸ ਕਿਸੇ ਨੂੰ ਵੀ ਪੰਜਾਬ ਦੀ ਕਿਸੇ ਪਗਡੰਡੀ 'ਤੇ, ਕਿਸੇ ਖੇਤ ਦੀ ਵੱਟ 'ਤੇ ਮਾਰਿਆ ਜਾ ਰਿਹਾ ਏ (ਗੋਲੀ ਭਾਵੇਂ ਕਿਸੇ ਵੀ ਲੇਬਲ ਦੀ ਬੰਦੂਕ 'ਚੋਂ ਨਿਕਲੀ ਹੋਵੇ), ਬਿਹਾਰ ਦੇ ਕਿਸੇ ਖੇਤ ਵਿਚ ਜ਼ਿੰਦਾ ਸਾੜਿਆ ਜਾ ਰਿਹਾ ਏ, ਕਿਸੇ ਵੀ ਸੜਕ 'ਤੇ ਪੁਲਸ ਮੁਕਾਬਲਾ ਕਹਿ ਕੇ ਬੇਦੋਸ਼ੇ ਬੰਦਿਆਂ ਨੂੰ ਕਤਲ ਕੀਤਾ ਜਾ ਰਿਹਾ ਏ, ਜਾਂ ਹੈਦਰਾਬਾਦ ਦੇ ਕਿਸੇ ਜੰਗਲ ਵਿਚ ਹੱਥ ਪਿੱਛੇ ਬੰਨ੍ਹ ਕੇ ਗੋਲੀ ਮਾਰੀ ਜਾ ਰਹੀ ਏ, ਉਹਨੂੰ ਅਸੀਂ ਬਚਾ ਸਕੀਏ। ਤਾਂ ਕਿ ਜਦੋਂ ਸਾਡੀ ਵਾਰੀ ਆਏ ਤਾਂ ਅਸੀਂ ਇਕੱਲੇ ਨਾ ਹੋਈਏ। ਬੋਲੋ, ਤਾਂ ਕਿ ਸਨਦ ਰਹੇ ਕਿ ਅੱਜ ਦੇ ਕਾਲੇ ਦੌਰ ਵਿਚ ਵੀ ਕੁੱਝ ਲੋਕ ਹੈਸਨ ਜਿਨ੍ਹਾਂ ਦੀ ਆਤਮਾ ਜਿਉਂਦੀ ਸੀ ਤੇ ਜਿਨ੍ਹਾਂ ਦੀ ਜ਼ਮੀਰ ਮੋਈ ਨਹੀਂ ਸੀ ਤੇ ਜਿਹੜੇ ਵਿਕਾਊ ਮਾਲ ਨਹੀਂ ਸਨ।"

---

**ਨੋਟ : ਅਜੀਤ ਕੌਰ ਦੇ ਇਹ ਬੋਲ 30 ਸਤੰਬਰ ਨੂੰ ਉਸ ਦੁਆਰਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਦਿੱਤੇ ਗਏ ਇਕ ਸੁਰਤ-ਝੰਜੋੜ ਭਾਸ਼ਣ ਦਾ ਹਿੱਸਾ ਹਨ। ਪੰਜਾਬੀ ਦੀ ਸ਼ੇਰ-ਦਿਲ ਕਹਾਣੀਕਾਰ ਦਾ ਇਹ ਧੜੱਲੇਦਾਰ ਭਾਸ਼ਣ ਪੂਰਾ ਸੂਰਾ, ਜਨਤਕ ਪੈਗਾਮ ਦੇ ਅਗਲੇ ਅੰਕ 'ਚ ਛਾਪਿਆ ਜਾ ਰਿਹਾ ਹੈ।**

---

## "ਸੁਰਮਮਤੀ ਦਿਹਾੜਾ" ; ਜਿੰਦਾਬਾਦ

# ਸ਼ਹੀਦ ਬੇਅੰਤ ਸਿੰਘ ਦੀ ਸੂਰਮਮਤੀ ਨੂੰ ਬੁਲੰਦ ਕਰੇ



ਜੂਨ, 84 'ਚ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਤੋਂ ਬਾਅਦ ਇਹ ਗੱਲ ਪੰਜਾਬ ਦੇ ਬੱਚੇ ਬੱਚੇ ਦੀ ਜ਼ੁਬਾਨ 'ਤੇ ਸੀ ਕਿ ਹੁਣ ਕੋਈ ਦੁਨੀਆਂ ਦੀ ਤਾਕਤ ਇੰਦਰਾ ਗਾਂਧੀ ਤੇ ਜਨਰਲ ਵੈਦਿਆ ਨੂੰ ਨਹੀਂ ਬਚਾ ਸਕਦੀ। ਸ਼ਹੀਦ ਊਧਮ ਸਿੰਘ ਵਲੋਂ 18 ਸਾਲਾਂ ਬਾਅਦ ਜਲਿਆਂਵਾਲੇ ਬਾਗ ਦਾ ਬਦਲਾ ਲੈਣ ਦਾ ਹਵਾਲਾ ਦੇ ਕੇ ਇਹ ਗੱਲ ਬਾਰ ਬਾਰ ਦੁਹਰਾਈ ਜਾ ਰਹੀ ਸੀ ਕਿ ਹੁਣ ਇੰਦਰਾ ਗਾਂਧੀ ਨੇ ਆਪਣੀ ਮੌਤ ਦੇ ਵਰੰਟਾਂ'ਤੇ ਆਪ ਹੀ ਦਸਖਤ ਕਰ ਦਿੱਤੇ ਹਨ। ਪਰ ਇਸ ਗੱਲ ਬਾਰੇ ਕਿਆਸਅਰਾਈਆਂ ਚੱਲ ਰਹੀਆਂ ਸਨ ਕਿ ਇਹਨਾਂ ਵਾਰੰਟਾਂ ਨੂੰ ਅਮਲੀ ਜਾਮਾ ਕਿਹੜਾ ਸੂਰਮਾ ਪਹਿਨਾਏਗਾ। 31 ਅਕਤੂਬਰ 1984 ਨੂੰ ਪੰਜਾਬ ਦੇ ਮਹਾਨ ਯੋਧਿਆਂ ਸ਼ਹੀਦ ਬੇਅੰਤ ਸਿੰਘ ਅਤੇ ਸ਼ਹੀਦ ਸਤਵੰਤ ਸਿੰਘ ਨੇ ਜਾਬਰ ਇੰਦਰਾ ਗਾਂਧੀ ਨੂੰ ਉਸ ਦੇ ਕੀਤੇ ਦੀ ਸਜ਼ਾ ਦੇ ਕੇ ਪੰਜਾਬ ਦੀਆਂ ਸੂਰਬੀਰ ਰਵਾਇਤਾਂ ਨੂੰ ਚਾਰ ਚੰਨ ਲਾ ਦਿੱਤੇ।

ਸਮੁੱਚੇ ਸਿਖ ਭਾਈਚਾਰੇ ਦੀ ਮਾਨਸਿਕ ਤੜਪ ਨੂੰ ਆਪਣੇ ਅੰਦਰ ਸਮੋਈ, ਕਰਨੀ ਦੇ ਸੂਰੇ ਬੇਅੰਤ ਸਿੰਘ ਨੇ ਅੰਤਾਂ ਦੀ ਨਫਰਤ ਨਾਲ ਇਸ ਤਾਨਾਸ਼ਾਹ ਨੂੰ ਉਸ ਦੇ ਕੀਤੇ ਦੀ ਸਜ਼ਾ ਦੇ ਕੇ ਇਹ ਸਾਬਤ ਕਰ ਦਿੱਤਾ ਕਿ ਬਹਾਦਰ ਕੌਮਾਂ ਆਪਣੇ ਦੁਸ਼ਮਣਾਂ ਨੂੰ ਸਜਾ ਦੇਣ ਦੀ ਜੁਰਅਤ ਰੱਖਦੀਆਂ ਹਨ।

ਸ਼ਹੀਦ ਬੇਅੰਤ ਸਿੰਘ ਦੀ ਇੰਦਰਾ ਗਾਂਧੀ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ ਸੀ ਨਾ ਹੀ ਉਹ ਇੰਦਰਾ ਗਾਂਧੀ ਨੂੰ ਮਾਰ ਕੇ ਉਸਦਾ ਕੋਈ ਨਿੱਜੀ ਫਾਇਦਾ ਉਠਾਉਣਾ ਚਾਹੁੰਦਾ ਸੀ। ਬੇਅੰਤ ਸਿੰਘ ਦੀ ਇੰਦਰਾ ਗਾਂਧੀ ਨਾਲ ਦੁਸ਼ਮਣੀ ਉਦੋਂ ਪਈ ਜਦੋਂ ਉਸ ਨੇ ਜੂਨ 84 'ਚ ਪੰਜਾਬ 'ਤੇ ਫੋਜ ਚਾੜ ਦਿਤੀ। ਦਰਬਾਰ ਸਾਹਿਬ ਉਤੇ ਫੌਜੀ ਹਮਲਾ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਢੇਹ ਕਰ ਦਿੱਤਾ। ਦਰਬਾਰ ਸਾਹਿਬ 'ਚ ਖੂਨ ਦੀ ਹੋਲੀ ਖੇਡੀ, ਹਜ਼ਾਰਾਂ ਲੋਕਾਂ ਨੂੰ ਕਤਲ ਕੀਤਾ ਗਿਆ। ਇਥੋਂ ਤਕ ਕਿ ਔਰਤਾਂ ਤੇ ਬੱਚਿਆਂ ਦਾ ਬੜੀ ਬੇਰਹਿਮੀ ਨਾਲ ਕਤਲੇਆਮ ਕੀਤਾ ਗਿਆ। ਸਮੁਚੇ ਪੰਜਾਬ 'ਚ ਕਰਫਿਊ ਲਾ ਕੇ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਥਾਂ ਥਾਂ ਜ਼ਲੀਲ ਕੀਤਾ ਗਿਆ। ਪਿੰਡਾਂ ਦੇ ਲੋਕਾਂ ਨੂੰ ਸਮੂਹਿਕ ਕੁਟਾਪੇ ਚਾੜੇ ਗਏ ਅਤੇ ਸਿੱਖ ਨੌਜਵਾਨਾਂ ਨੂੰ ਵਹਿਸ਼ੀ ਫੌਜੀ ਜਬਰ ਦੇ ਡਰੋਂ ਘਰੋਂ ਬੇਘਰ ਹੋਣਾ ਪਿਆ। ਗੱਲ ਕੀ ਕਿ ਜਦੋਂ ਸਾਰੇ ਪੰਜਾਬ ਨੂੰ ਇਕ ਤਸੀਹਾ ਕੇਂਦਰ ਵਿਚ ਬਦਲ ਦਿਤਾ ਗਿਆ ਤਾਂ ਸ਼ਹੀਦ ਬੇਅੰਤ ਸਿੰਘ ਦਾ ਪੰਜਾਬੀ ਖੂਨ ਖੌਲ ਉਠਿਆ। ਉਸ ਕੋਲੋਂ ਲੋਕਾਂ 'ਤੇ ਢਾਹਿਆ ਜਾ ਰਿਹਾ ਅਣਮਨੁੱਖੀ ਤਸ਼ੱਦਦ ਸਹਿਣ ਨਾ ਹੋਇਆ। ਉਸਦੀ ਅਣਖ ਨੇ ਉਬਾਲਾ ਖਾਧਾ ਤੇ ਉਸ ਨੇ ਸ਼ਹੀਦ ਸਤਵੰਤ ਸਿੰਘ ਦੀ ਮਦਦ ਨਾਲ ਇੰਦਰਾ ਗਾਂਧੀ ਨੂੰ ਪਾਰ ਬੁਲਾ ਦੇਣ ਦਾ ਦ੍ਰਿੜ ਫੈਸਲਾ ਕਰ ਲਿਆ ਅਤੇ ਫਿਰ 31 ਅਕਤੂਬਰ ਨੂੰ ਚਟਾਨੀ ਇਰਾਦੇ ਨਾਲ ਇਸ ਫੈਸਲੇ ਨੂੰ ਅਮਲੀ ਰੂਪ ਦਿੱਤਾ।

ਭਾਰਤੀ ਹਾਕਮਾਂ ਨੇ ਸ਼ਹੀਦ ਬੇਅੰਤ ਸਿੰਘ ਨੂੰ ਇੰਦਰਾ ਗਾਂਧੀ ਦਾ ਕਾਤਲ ਤੇ ਇੰਦਰਾ ਗਾਂਧੀ ਨੂੰ ਇਕ ਮਾਸੂਮ ਔਰਤ ਦੇ ਤੌਰ 'ਤੇ ਪੇਸ਼ ਕਰਨ ਲਈ ਪੂਰਾ ਟਿੱਲ ਲਾਇਆ ਹੋਇਆ ਹੈ। ਪਰ ਸਾਰਾ ਜਗ ਜਾਣਦਾ ਹੈ ਕਿ ਇੰਦਰਾ ਗਾਂਧੀ ਇਕ ਮਾਸੂਮ ਔਰਤ ਨਹੀਂ ਸੀ ਸਗੋਂ ਇਕ ਜਾਬਰ ਤੇ ਤਾਨਾਸ਼ਾਹ

ਹਾਕਮ ਸੀ। ਜਿਸ ਦੇ ਹੱਥ ਹਜ਼ਾਰਾਂ ਲੋਕਾਂ ਦੇ ਖੂਨ ਨਾਲ ਰੰਗੇ ਹੋਏ ਸਨ। ਸੱਠਵਿਆਂ ਦੇ ਅਖੀਰ 'ਚ ਕਿਰਤ ਦੀ ਸਰਦਾਰੀ ਵਾਲਾ ਲੁੱਟ ਖਸੁਟ ਤੋਂ ਰਹਿਤ ਇਕ ਚੰਗੇਰਾ ਸਮਾਜ ਸਿਰਜਣ ਦੀ ਆਸ ਲੈ ਕੇ ਉੱਠੀ ਨਕਸਲਬਾੜੀ ਲਹਿਰ ਦੇ ਹਜ਼ਾਰਾਂ ਕਾਰਕੁੰਨਾਂ ਨੂੰ ਮਾਰ ਖਪਾਉਣ, ਅਨੇਕਾਂ ਮਜ਼ਦੂਰ ਅੰਦੋਲਨਾਂ ਨੂੰ ਲਾਠੀ ਗੋਲੀ ਨਾਲ ਕੁਚਲਣ ਤੇ ਦੇਸ਼ 'ਚ ਵਸਦੀਆਂ ਅੱਡ ਅੱਡ ਕੌਮਾਂ ਦੇ ਲੋਕਾਂ ਦੀ ਅਜ਼ਾਦੀ ਦੀ ਤਾਂਘ ਨੂੰ ਫੌਜੀ ਬੂਟਾਂ ਹੇਠ ਦਰੜ ਮਸਲ ਸੁਟਣ ਵਾਲੀ ਇੰਦਰਾ ਗਾਂਧੀ ਇਕ ਬੇਕਸੂਰ ਔਰਤ ਨਹੀਂ ਸੀ ਸਗੋਂ ਇਕ ਜ਼ਾਲਮ ਹਕੂਮਤ ਦੀ ਮੁਖੀ ਸੀ। ਇਸ ਤੋਂ ਬਿਨਾ ਹਜ਼ਾਰਾਂ ਸਿਖ ਨੌਜਵਾਨਾਂ ਔਰਤਾਂ ਬੱਚਿਆਂ ਦੀ ਕਾਤਲ ਇੰਦਰਾ ਗਾਂਧੀ ਨੂੰ ਉਸ ਦੇ ਪਾਪ ਦੀ ਸਜ਼ਾ ਦੇਣ ਵਾਲਾ ਬੇਅੰਤ ਸਿੰਘ ਇਕ ਕਾਤਲ ਨਹੀਂ ਸਗੋਂ ਇਨਸਾਫ ਪਸੰਦ ਤੇ ਜਮਹੂਰੀ ਲੋਕਾਂ ਦੀਆਂ ਨਜ਼ਰਾਂ 'ਚ ਇਕ ਮਹਾਨ ਯੋਧਾ ਹੈ। ਆਉਣ ਵਾਲੀਆਂ ਨਸਲਾਂ ਸ਼ਹੀਦ ਬੇਅੰਤ ਸਿੰਘ ਦੇ ਇਸ ਕਾਰਨਾਮੇ 'ਤੇ ਫਖਰ ਕਰਦੀਆਂ ਰਹਿਣਗੀਆਂ।

ਸ਼ਹੀਦ ਬੇਅੰਤ ਸਿੰਘ ਵਲੋਂ ਦਿਖਾਈ ਇਸੇ ਸੂਰਮਗਤੀ ਨੂੰ ਬੁਲੰਦ ਕਰਨ ਲਈ ਕੁਝ ਪੰਜਾਬ ਪੱਖੀ ਜੁਝਾਰੂ ਜਥੇਬੰਦੀਆਂ ਨੇ ਇਸ ਦਿਨ ਨੂੰ "ਸੂਰਮਗਤੀ ਦਿਹਾੜੇ" ਵਜੋਂ ਮਨਾਉਣ ਦਾ ਸੱਦਾ ਦਿੱਤਾ ਹੈ। ਪੰਜਾਬ 'ਚ ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ, ਮਦਨ ਲਾਲ ਢੀਂਗਰਾ ਗਦਰ ਲਹਿਰ ਅਤੇ ਬਬਰ ਲਹਿਰ ਵਰਗੀਆਂ ਲਹਿਰਾਂ ਨੂੰ ਜਨਮ ਦੇਣ ਵਾਲੀ ਇਸ ਭਾਵਨਾ ਨੂੰ ਬੁਲੰਦ ਕਰਨ ਲਈ ਇਸ ਸੱਦੇ ਦੀ ਵਿਸ਼ੇਸ਼ ਅਹਿਮੀਅਤ ਹੈ। ਇਸੇ ਹੱਕੀ ਭਾਵਨਾ ਨੂੰ ਉਚਿਆਉਣ ਲਈ ਸਮੁਚੇ ਪੰਜਾਬੀਆਂ ਨੂੰ ਇਸ ਦਿਨ ਨੂੰ 'ਸੂਰਮਗਤੀ ਦਿਹਾੜੇ' ਵਜੋਂ ਮਨਾਉਣਾ ਚਾਹੀਦਾ ਹੈ।

## ਵੰਡ ਦੀ ਲਕੀਰ

ਸ਼ਹੀਦ ਬੇਅੰਤ ਸਿੰਘ ਦੀ ਇਸ ਕਾਰਵਾਈ ਨੇ ਸਮੁੱਚੇ ਦੇਸ਼ ਦੇ ਲੋਕਾਂ ਨੂੰ ਦੋ ਧਿਰਾਂ 'ਚ ਵੰਡ ਦਿੱਤਾ ਹੈ। ਇਕ ਧਿਰ ਜ਼ਿਹੜੀ ਇੰਦਰਾ ਗਾਂਧੀ ਨੂੰ ਜਾਬਰ, ਬੁੱਚੜ, ਵਹਿਸ਼ੀ, ਤਾਨਾ-ਸ਼ਾਹ ਹਾਕਮ ਸਮਝਦੀ ਹੈ, ਉਹ ਬੇਅੰਤ ਸਿੰਘ ਦੇ ਇਸ ਕਾਰਨਾਮੇ ਨੂੰ ਹੱਕੀ ਸਮਝਦੀ ਹੈ। ਹਾਕਮ ਜਮਾਤਾਂ ਸਮੇਤ ਇਸ ਲੁਟ ਖਸੁਟ 'ਤੇ ਪਲ ਰਹੇ ਲੋਕਾਂ ਦੀ ਦੂਜੀ ਧਿਰ ਸ਼ਹੀਦ ਬੇਅੰਤ ਸਿੰਘ ਨੂੰ ਕਾਤਲ ਗਰਦਾਨਦੀ ਹੈ।

## ਸਿੱਖ ਦੁਸ਼ਮਣੀ ਦਾ ਮਹੌਲ

ਰਾਜੀਵ ਗਾਂਧੀ ਦੀ ਅਗਵਾਈ 'ਚ ਇਸੇ ਧਿਰ ਨੇ ਇੰਦਰਾ ਗਾਂਧੀ ਦੇ ਮਰਨ ਤੋਂ ਬਾਅਦ ਨਵੰਬਰ'84 'ਚ ਦੇਸ਼ ਦੀ ਰਾਜਧਾਨੀ ਦਿੱਲੀ ਤੇ ਹੋਰ ਅਨੇਕਾਂ ਸ਼ਹਿਰਾਂ 'ਚ ਹਜ਼ਾਰਾਂ ਸਿੱਖਾਂ ਦਾ ਰੜੀ ਬੇਰਹਿਮੀ ਨਾਲ ਕਤਲੇਆਮ ਕੀਤਾ ਤੇ ਫਿਰ ਦਸੰਬਰ '84 'ਚ ਹੋਈਆਂ ਲੋਕ ਸਭਾ ਚੋਣਾਂ 'ਚ ਸਾਰੇ ਸਰਕਾਰੀ ਪ੍ਰਚਾਰ ਪ੍ਰਸਾਰ ਸਾਧਨਾਂ ਨੂੰ ਵਰਤਕੇ ਸਮੁਚੇ ਦੇਸ਼ 'ਚ ਸਿਖ ਵਿਰੋਧੀ ਰੌਂਅ ਬਣਾ ਕੇ ਚੋਣਾਂ ਦੀ ਬਾਜ਼ੀ ਜਿੱਤੀ। ਪੂਰੇ ਪੰਜ ਸਾਲਾਂ ਬਾਅਦ ਇਹ ਧਿਰ ਇਕ ਵਾਰ ਫਿਰ ਇੰਦਰਾ ਗਾਂਧੀ ਨੂੰ ਇਕ ਮਾਸੂਮ ਔਰਤ ਤੇ ਸਹੀਦ ਬੇਅੰਤ ਸਿੰਘ ਨੂੰ ਇਕ ਕਾਤਲ ਦੱਸ ਕੇ ਸਮੁੱਚੇ ਦੇਸ਼ 'ਚ ਸਿਖ ਵਿਰੋਧੀ ਮਹੌਲ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਆਪਣੀਆਂ ਇਹਨਾਂ ਕੋਸ਼ਿਸ਼ਾਂ ਰਾਹੀਂ ਉਹ ਇਕ ਵਾਰ ਫਿਰ ਦੇਸ਼ 'ਚ ਸਿੱਖ ਵਿਰੋਧੀ ਮਹੌਲ ਪੈਦਾ ਕਰਕੇ ਲੋਕ ਸਭਾ ਦੀਆਂ ਚੋਣਾਂ ਜਿੱਤਣ ਦੇ ਸੁਪਨੇ ਦੇਖ ਰਹੀ ਹੈ। ਇਸੇ ਕਰਕੇ ਉਸ ਨੇ ਇਸ ਸਾਲ ਅਕਤੂਬਰ ਦੇ ਮਹੀਨੇ 'ਚ 31 ਤਾਰੀਖ ਤਕ ਸਾਰੇ ਦੇਸ਼ 'ਚ 450 'ਸ਼ਹੀਦੀ ਕਾਨਫਰੰਸਾਂ' ਕਰਨ ਦੀ ਯੋਜਨਾ ਬਣਾਈ ਹੈ। ਇਹਨਾਂ ਕਾਨਫਰੰਸਾਂ ਰਾਹੀਂ ਤਿਆਰ ਕੀਤੇ ਮਹੌਲ ਨੂੰ ਹੀ ਵੋਟਾਂ 'ਚ ਢਾਲਣ ਲਈ ਰਾਜੀਵ ਗਾਂਧੀ ਨੇ 22 ਨਵੰਬਰ ਨੂੰ ਚੋਣਾਂ ਦਾ ਐਲਾਨ ਕੀਤਾ ਹੈ। ਪਿਛ-ਲੀਆਂ ਚੋਣਾਂ ਵਾਂਗ ਹੀ ਉਹ ਇਕ ਵਾਰ ਫਿਰ ਆਸ ਲਾਈ ਬੈਠਾ ਹੈ ਕਿ ਸਿੱਖਾਂ ਨੂੰ ਬਦਨਾਮ ਕਰਕੇ ਉਹ ਹਿੰਦੂ ਜਨੂੰਨ ਭੜਕਾ ਲਵੇਗਾ ਅਤੇ ਇਕ ਵਾਰ ਫਿਰ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਜਾ ਬਿਰਾਜੇਗਾ।

## ਸਾਜ਼ਸ਼ਾਂ ਫੇਲ੍ਹ ਕਰਨ ਦੀ ਲੋੜ

ਰਾਜੀਵ ਗਾਂਧੀ ਦੀਆਂ ਇਹਨਾਂ ਸਾਜ਼ਸ਼ਾਂ ਨੂੰ ਭਾਂਜ ਦਿਤੀ ਜਾਣੀ ਚਾਹੀਦੀ ਹੈ ਅਤੇ ਆਮ ਲੋਕਾਂ 'ਚ ਇਹ ਗੱਲ ਸਪਸ਼ਟ ਕੀਤੀ ਜਾਣੀ ਚਾਹੀਦੀ ਹੈ ਕਿ ਉਹ ਇਕ ਨਿਰਦੋਸ਼ ਔਰਤ ਨਾ ਹੋ ਕੇ ਜਬਰ ਦਾ ਉਭਰਿਆ ਇਕ ਚਿੰਨ ਸੀ ਬੇਅੰਤ ਸਿੰਘ ਦੀ ਇਹ ਕਾਰਵਾਈ ਇਕ ਤਾਨਾਸ਼ਾਹ ਹਕੂਮਤ 'ਤੇ ਵਾਰ ਸੀ ਤੇ ਜਾਬਰਾਂ ਲਈ ਇਕ ਸਬਕ ਸੀ ਜਿਸ ਕਰਕੇ ਸ਼ਹੀਦ ਬੇਅੰਤ ਸਿੰਘ ਦੀ ਇਹ ਕਾਰਵਾਈ ਪੰਜਾਬੀ ਲੋਕਾਂ ਵਾਸਤੇ ਲੰਬੇ ਸਮੇਂ ਲਈ ਇਕ ਉਤਸ਼ਾਹ ਤੇ ਪ੍ਰੇਰਨਾ ਦਾ ਸੋਮਾ ਬਣੀ ਰਹੇਗੀ।

### ਸ਼ਹੀਦ ਬੇਅੰਤ ਸਿੰਘ ਦੀ ਪਤਨੀ

# ਬੀਬੀ ਬਿਮਲ ਕੌਰ ਖਾਲਸਾ ਨਾਲ ਇਕ ਗੱਲਬਾਤ

**(ਸ਼ਹੀਦ ਭਾਈ ਬੇਅੰਤ ਸਿੰਘ ਦੀ ਸੁਪਤਨੀ ਬਿਮਲ ਕੌਰ ਖਾਲਸਾ ਆਪਣੇ ਤਿੰਨ ਬੱਚਿਆਂ ਅੰਮ੍ਰਿਤ ਕੌਰ (12), ਸਰਵਜੀਤ ਸਿੰਘ (10) ਤੇ ਜਸਵਿੰਦਰ ਸਿੰਘ (6) ਨਾਲ, 1082, ਫੇਜ਼ 5, ਮੁਹਾਲੀ (ਸਾਹਿਬਜ਼ਾਦਾ ਅਜੀਤ ਸਿੰਘ ਨਗਰ) ਵਿਖੇ ਰਹਿੰਦੇ ਹਨ। ਸ਼ਹੀਦ ਬੇਅੰਤ ਸਿੰਘ ਦੇ ਪੰਜਵੇਂ ਸ਼ਹੀਦੀ ਦਿਵਸ 31 ਅਕਤੂਬਰ ਨੂੰ "ਸੁਰਮਗਤੀ ਦਿਹਾੜੇ"ਦੇ ਸਬੰਧ 'ਚ ਜਨਤਕ ਪੈਗਾਮ ਦੇ ਸੰਪਾਦਕ ਮਾਲਵਿੰਦਰ ਸਿੰਘ ਮਾਲੀ ਨੇ ਪੰਜਾਬ ਦੇ ਇਸ ਮਹਾਨ ਸ਼ਹੀਦ ਦੀ ਜ਼ਿੰਦਗੀ ਦੇ ਕੁਝ ਅਹਿਮ ਪੱਖਾਂ ਬਾਰੇ ਜਾਣਕਾਰੀ ਲਈ ਸ਼ਹੀਦ ਦੀ ਸੁਪਤਨੀ ਨਾਲ ਇਕ ਗੱਲਬਾਤ ਕੀਤੀ ਹੈ। ਹੇਠਾਂ ਅਸੀਂ ਇਹ ਦਿਲਚਸਪ ਗੱਲਬਾਤ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। —ਸੰਪਾਦਕ)**

? ਭਾਈ ਬੇਅੰਤ ਸਿੰਘ ਵਲੋਂ ਇੰਦਰਾ ਗਾਂਧੀ ਨੂੰ ਕਤਲ ਕਰਨ ਸਬੰਧੀ ਕੀ ਤੁਹਾਨੂੰ ਪਹਿਲੋਂ ਕੋਈ ਜਾਣਕਾਰੀ ਸੀ ?

—ਨਹੀਂ। ਮੈਨੂੰ ਪਹਿਲਾਂ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ। ਪਰ ਹੁਣ ਜਦੋਂ ਮੈਂ ਸਾਰੀਆਂ ਘਟਨਾਵਾਂ ਨੂੰ ਮੁੜ ਯਾਦ ਕਰਦੀ ਹਾਂ ਤਾਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਉਹ ਲਗਾਤਾਰ ਆਪਣੇ ਆਪ ਨੂੰ ਇਸ ਅਦੁੱਤੀ ਕਾਰਨਾਮੇ ਲਈ ਤਿਆਰ ਕਰਦੇ ਆ ਰਹੇ ਸਨ।

? ਉਹ ਕਿਹੜੀਆਂ ਗੱਲਾਂ ਹਨ ਜਿਨ੍ਹਾਂ ਦੇ ਆਧਾਰ 'ਤੇ ਤੁਹਾਨੂੰ ਇਉਂ ਲੱਗਦਾ ਹੈ ?

—ਅਸੀਂ 19 ਜੂਨ 84 ਤੱਕ ਆਪਣੇ ਪਿੰਡ ਮਲੋਆ ਹੀ ਸਾਂ। ਇਥੇ ਵਿਆਹ ਦੇ ਸਿਲਸਿਲੇ 'ਚ ਆਏ ਹੋਏ ਸਾਂ। ਜੁਲਾਈ 'ਚ ਉਹਨਾਂ ਅੰਦਰ ਇਕ ਖਾਸ ਕਿਸਮ ਦੀ ਤਬਦੀਲੀ ਜਿਹੀ ਆਉਣ ਲੱਗ ਪਈ ਸੀ। ਉਹ ਕਿਹਾ ਕਰਦੇ ਸਨ ਕਿ ਬਿਮਲ ਮੈਂ ਤਾਂ ਸ਼ਹੀਦ ਹੋ ਜਾਣਾ ਹੈ। ਉਸ ਸਮੇਂ ਛੋਟਾ ਲੜਕਾ ਸਵਾ ਕੁ ਸਾਲ ਦਾ ਸੀ। ਮੈਂ ਕਿਹਾ ਇਹਨਾਂ ਦਾ ਕੀ ਬਣੇਗਾ ? ਉਹਨਾਂ ਕਿਹਾ ਦਰਬਾਰ ਸਾਹਿਬ 'ਚ ਅਜਿਹੇ ਸੈਂਕੜੇ ਹੀ ਬੱਚੇ ਮਾਰ ਦਿਤੇ ਗਏ ਹਨ। ਇਹ ਤਾਂ ਆਪ ਹੀ ਪਲ ਜਾਣਗੇ। ਕਿਉਂਕਿ ਉਹਨਾਂ ਦਾ ਸੁਭਾ ਬਹੁਤ ਹੀ ਮਿਲਾਪੜਾ ਤੇ ਮਜ਼ਾਕੀਆ ਸੀ। ਮੈਂ ਉਸ ਸਮੇਂ ਸੋਚਦੀ ਸਾਂ ਕਿ ਸਾਰੇ ਸਿੱਖਾਂ ਅੰਦਰ ਹੀ ਰੋਸ ਤੇ ਗੁੱਸਾ ਹੈ। ਉਸ ਦਾ ਇਹਨਾਂ ਉਤੇ ਵੀ ਅਸਰ ਹੈ। ਫਿਰ ਇਕ ਦਿਨ ਕਹਿੰਦੇ ਮੈਂ ਕਾਫੀ ਚਿਰ ਤੋਂ ਕੜਿਹਰਾ ਪਾਉਣਾ ਛੱਡਿਆ ਹੈ ਹੁਣ ਮੈਂ ਕੜਿਹਰਾ ਪਾਇਆ ਕਰਾਂਗਾ। ਮੈਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਕਿ ਉਹ ਲਗਾਤਾਰ ਵਧ ਰਿਲੀਜੀਅਸ ਮਾਈਂਡਡ (ਧਾਰਮਕ ਬਿਰਤੀ ਵਾਲੇ) ਬਣਦੇ ਜਾ ਰਹੇ ਹਨ। ਇਕ ਦਿਨ ਉਹਨਾਂ ਮੈਨੂੰ ਕਿਹਾ ਕਿ ਪ੍ਰਾਈਮ ਮਿਨਸਟਰ ਹਾਊਸ 'ਚ ਇਕ ਬਾਜ ਆਇਆ ਸੀ। ਦੋ ਘੰਟੇ ਉਥੇ ਰਿਹਾ। ਸਾਰੇ ਸਕਿਉਰਟੀ ਵਾਲਿਆਂ ਉਸਨੂੰ ਮੱਥਾ ਟੇਕਿਆ। ਫਿਰ ਅਸੀਂ ਜਾਣ ਬੁਝਕੇ ਸਕੂਟਰ ਸਟਾਰਟ ਕੀਤੇ ਪਰ ਉਹ ਉਡਿਆ ਨਾ। ਮੈਂ ਕਿਹਾ ਪਹਿਲਾਂ ਤਾਂ ਤੁਸੀਂ ਇਹੋ ਜਿਹੀਆਂ ਗੱਲਾਂ 'ਚ ਵਿਸ਼ਵਾਸ ਨਹੀਂ ਕਰਦੇ ਸੀ।

ਇਕ ਦਿਨ ਅਚਾਨਕ ਉਹਨਾਂ ਆ ਕੇ ਮੈਨੂੰ ਦਸਿਆ ਕਿ ਕਲ੍ਹ ਮੈਂ ਅੰਮ੍ਰਿਤ ਛਕਣ ਜਾ ਰਿਹਾ ਹਾਂ। ਮੈਂ ਕਿਹਾ ਤੁਸੀਂ ਪਹਿਲਾਂ ਤਾਂ ਕੋਈ ਗੱਲ ਨਹੀਂ ਕੀਤੀ। ਕਿਉਂਕਿ ਘੱਟੋ ਘੱਟ ਅਗਲਾ ਸਲਾਹ ਤਾਂ ਕਰਦਾ ਹੈ। ਉਹ ਕਹਿਣ ਲੱਗੇ ਕਿ ਤੈਨੂੰ ਪਤੈ ਮੈਂ ਕਦੇ ਕਦਾਈਂ ਘੱਟ ਪੀ ਲੈਨਾ-ਦੋਸਤਾਂ ਮਿੱਤਰਾਂ ਨਾਲ। ਤੂੰ ਗੁੱਸੇ ਵੀ ਹੁੰਦੀ ਐਂ। ਹੁਣ ਮੈਂ ਸਭ ਕੁਝ ਛੱਡ ਦਿੱਤਾ ਹੈ। ਮੈਂ ਸੋਚਿਆ ਚਲੋ ਇਸ ਪੱਖੋਂ ਤਾਂ ਚੰਗੀ ਗੱਲ ਹੋਈ। ਉਂਝ ਉਹ ਪਹਿਲਾਂ ਵੀ ਕਦੇ ਕਦਾਈਂ ਗੁਰਦੁਆਰੇ ਜਾਂਦੇ ਹੁੰਦੇ ਸਨ। ਕੇਸ ਵੀ ਉਨ੍ਹਾਂ ਕਦੇ ਕਟਾਏ ਨਹੀਂ ਸਨ। ਪਰ ਹੁਣ ਉਹ ਲਗਭਗ ਹਰ ਰੋਜ਼ ਹੀ ਸਵੇਰੇ ਜਾਂ ਸ਼ਾਮ ਗੁਰਦੁਆਰਾ ਸਾਹਿਬ ਜਾਣ ਲੱਗ ਪਏ ਸਨ। ਸਤੰਬਰ-ਅਕਤੂਬਰ 'ਚ ਉਹਨਾਂ ਘਰੇਲੂ ਕੰਮਾਂ 'ਚ ਦਿਲਚਸਪੀ ਲੈਣੀ ਬਹੁਤ ਘੱਟ ਕਰ ਦਿੱਤੀ ਸੀ। ਖਾਣਾ ਵੀ ਉਹ ਪਹਿਲਾਂ ਨਾਲੋਂ ਘੱਟ ਖਾਣ ਲੱਗ ਪਏ ਸਨ। ਅੰਮ੍ਰਿਤ ਛਕਣ ਵੇਲੇ ਉਹਨਾਂ ਸੋਨੇ ਦੀ ਮੁੰਦਰੀ ਤੇ ਕੜਾ ਕਿਹਰ ਸਿੰਘ ਦੇ ਘਰ ਰੱਖ ਦਿਤਾ ਤੇ ਮੁੜਕੇ ਲੈਕੇ ਹੀ ਨਾ ਆਏ। ਆਪਣੇ ਇਕ ਦੋਸਤ ਨੂੰ ਕੈਮਰਾ ਦੇ ਦਿੱਤਾ ਤੇ ਉਹ ਵੀ ਨਾ ਮੰਗਿਆ। 15 ਅਗਸਤ ਵਾਲੇ ਦਿਨ ਸਾਰਾ ਦਿਨ ਘਰ ਨਾ ਆਏ।

30 ਅਕਤੂਬਰ ਨੂੰ ਮੈਨੂੰ ਕਹਿੰਦੇ ਕਿ ਅੱਜ ਮੈਂ ਪਰਮਜੀਤ ਨੂੰ ਮਿਲਣਾ ਹੈ ਚੱਲ ਚੱਲੀਏ। ਉਹ ਇਹਨਾਂ ਦਾ ਦੋਸਤ ਸੀ ਤੇ ਟੈਲੀਫੂਨ ਮਹਿਕਮੇ 'ਚ ਲੱਗਾ ਹੋਇਆ ਸੀ। ਅਸੀਂ ਉਸ ਦੇ ਘਰ ਗਏ। ਉਹ ਘਰ ਨਹੀਂ ਸੀ। ਉਸ ਦੀ ਮਾਤਾ ਜੀ ਨਾਲ ਗੱਲਾਂ ਕਰਦੇ ਕਰਦੇ ਕਹਿਣ ਲੱਗੇ ਕਿ ਸਰਕਾਰ ਨੇ ਸਕੀਮ ਬਣਾਈ ਹੈ ਆਉਣ ਵਾਲੇ 10-15 ਦਿਨਾਂ 'ਚ ਪੰਜਾਬ 'ਤੇ ਵੱਡਾ ਹਮਲਾ ਕਰਕੇ ਸਾਰਾ ਕੁਝ ਤਬਾਹ ਕਰ ਦੇਣਾ ਹੈ। ਮੈਂ ਸੋਚਿਆ ਇਹਨਾਂ ਨੂੰ ਪਤਾ ਹੋਊ ਕਿਸੇ ਸਕੀਮ ਦਾ। ਫਿਰ ਪਰਮਜੀਤ ਦੇ ਦਫ਼ਤਰ ਗਏ। 5-7 ਮਿੰਟਾਂ ਬਾਅਦ ਬਾਹਰ ਆਏ। ਮੈਨੂੰ ਬਾਹਰ ਹੀ ਖੜਾ ਕਰ ਗਏ ਸੀ। ਮੈਂ ਪੁੱਛਿਆ

ਮਿਲ ਗਿਆ। ਕਹਿੰਦੇ ਨਹੀਂ। ਬਾਦ 'ਚ ਪਰਮਜੀਤ ਨੇ ਮੈਨੂੰ ਇੰਟਰੋਗੇਸ਼ਨ ਮੌਕੇ ਦਸਿਆ ਕਿ ਬੇਅੰਤ ਸਿੰਘ ਨੇ ਉਸਨੂੰ ਕਿਹਾ ਸੀ ਕਿ ਉਸ ਨੇ ਕਲ੍ਹ ਇੰਦਰਾ ਗਾਂਧੀ ਨੂੰ ਮਾਰ ਦੇਣਾ ਹੈ। ਅੱਜ ਆਪਣੀ ਆਖਰੀ ਮੁਲਾਕਾਤ ਹੈ।

? ਸਤਵੰਤ ਸਿਘ ਨਾਲ ਕਿਹੋ ਜਿਹੇ ਸਬੰਧ ਸਨ ?

— ਮਹੀਨੇ ਕੁ ਤੋਂ ਸਤਵੰਤ ਸਿੰਘ ਲਗਪਗ ਹਰ ਰੋਜ਼ ਹੀ ਸਾਡੇ ਘਰ ਲਗਪਗ ਰੋਜ਼ ਵਾਂਗ ਹੀ ਆਉਣ ਜਾਣ ਲੱਗ ਪਿਆ ਸੀ। ਮੈਂ ਉਸ ਦਾ ਨਾਂ ਨਹੀਂ ਜਾਣਦੀ ਸਾਂ। ਇਹਨਾਂ ਦੇ ਦੋਸਤ ਬਹੁਤ ਸੀ। ਇਸ ਨਵੇਂ ਸਿਪਾਹੀ ਦੋਸਤ ਦਾ ਮਹੀਨੇ ਤੋਂ ਲਗਾਤਾਰ ਘਰ ਆਣਾ ਮੈਨੂੰ ਥੋੜ੍ਹਾ ਜਿਹਾ ਓਪਰਾ ਲੱਗ ਗਿਆ ਕਿਉਂਕਿ ਉਹਨਾਂ ਕਦੇ ਇਸ ਨਾਲ ਦੋਸਤੀ ਦੀ ਗੱਲ ਵੀ ਨਹੀਂ ਕੀਤੀ ਸੀ। ਮੈਂ ਕਿਹਾ ਕਿ ਤੁਹਾਡਾ ਸਿਪਾਹੀ ਬੜੇ ਹੀ ਚੱਕਰ ਮਾਰਦੇ ਕੀ ਗੱਲ ? ਕਹਿਣ ਲੱਗੇ, ਆਹੋ, ਕੋਈ ਖਾਸ ਗੱਲ ਨਹੀਂ। ਕਿਉਂਕਿ ਉਹ ਇਨਸਪੈਕਟਰ ਸਨ। ਇਸ ਲਈ ਮੈਂ ਸਰਸਰੀ ਪੁੱਛਕੇ ਕੁਝ ਬੋਲਿਆ ਨਾ, ਮੇਰੀ ਕਦੇ ਸਤਵੰਤ ਸਿੰਘ ਨਾਲ ਗੱਲਬਾਤ ਨਹੀਂ ਹੋਈ। ਬੱਸ ਉਹ ਆਉਂਦਾ ਇਹਨਾਂ ਨਾਲ ਬਹੁਤ ਹੀ ਗੰਭੀਰਤਾ ਨਾਲ ਗੱਲਬਾਤ ਕਰਕੇ ਮੁੜ ਜਾਂਦਾ। ਮੈਂ ਸੋਚਿਆ ਕੋਈ ਸਕਿਉਰਟੀ ਵਾਲੀਆਂ ਗੱਲਾਂ ਹੋਣਗੀਆਂ। ਇਸ ਕਰਕੇ ਮੈਂ ਇਕ ਵਾਰ ਪੁੱਛਣ ਤੋਂ ਵੱਧ ਮੁੜ ਗੱਲ ਨਹੀਂ ਕੀਤਾ।

? ਕੁਝ ਹੋਰ ਗੱਲਾਂ ਜਿਹਨਾਂ ਦਾ ਭਾਈ ਸਾਹਿਬ ਦੇ ਇਰਾਦੇ ਨਾਲ ਤੁਅੱਲਕ ਹੋਵੇ ?

—ਹਾਂ, 30 ਅਕਤੂਬਰ ਸ਼ਾਮ ਨੂੰ ਕਹਿੰਦੇ ਅੱਜ ਸਰ੍ਹੋਂ ਦਾ ਸਾਗ ਬਨਾਉਣਾ ਹੈ। ਉਹ ਸਰ੍ਹੋਂ ਦੇ ਸਾਗ ਤੇ ਮੱਕੀ ਦੀ ਰੋਟੀ ਨੂੰ ਬਹੁਤ ਪਸੰਦ ਕਰਦੇ ਸਨ। ਅਸੀਂ ਬਾਜ਼ਾਰ 'ਚ ਸਾਂ। ਮੈਂ ਕਿਹਾ ਹੁਣ ਕੁਵੇਲਾ ਹੋ ਗਿਆ ਹੈ। ਬੱਚਿਆਂ ਨੂੰ ਵੀ ਪੜ੍ਹਾਉਣਾ ਹੈ ਕਲ੍ਹ ਬਣਾ ਲਵਾਂਗੇ। ਕਹਿਣ ਲੱਗੇ ਮਾਤਾ ਜੀ ਘਰ ਹਨ, ਉਹ ਬਣਾ ਲੈਣਗੇ, ਅਸੀਂ ਸਰ੍ਹੋਂ ਦਾ ਸਾਗ ਲੈ ਲਿਆ। ਮੈਂ ਕਿਹਾ ਹੁਣ ਕੁਝ ਜ਼ਿਆਦਾ ਹੀ ਲਡੇ-ਬਣਾਉਣਾ ਤਾਂ ਹੈ। ਕਹਿਣ ਲੱਗੇ-ਇੰਨਾ ਤਾਂ ਤੁਹਾਡੇ ਕੋਲੋਂ ਕਦੀ ਦਿਨ ਨਹੀਂ ਮੁੱਕਣਾ। (ਇਸ ਸਮੇਂ ਬਿਮਲ ਖਾਲਸਾ ਦੀਆਂ ਅੱਖਾਂ ਭਰ ਆਈਆਂ ਤੇ ਉਹ ਬੜਾ ਜਜ਼ਬਾਤੀ ਹੋ ਗਈ) ਅਸਲ 'ਚ ਉਹਨਾਂ ਉਸ ਦਿਨ ਹੀ ਆਪਣੇ ਆਪ ਨੂੰ ਸਾਡੇ ਤੋਂ ਵੱਖ ਕਰ ਲਿਆ ਸੀ। ਬਾਅਦ 'ਚ ਇਹੀ ਹੋਇਆ।

30 ਅਕਤੂਬਰ ਰਾਤ ਨੂੰ ਜਦੋਂ ਅਸੀਂ ਸੌਣ ਲੱਗੇ ਤਾਂ ਕਹਿਣ ਲੱਗੇ ਕਿ ਸਵੇਰੇ ਸਾਢੇ ਤਿੰਨ ਵਜੇ 'ਤੇ ਅਲਾਰਮ ਲਾ ਦੇ। ਮੈਂ ਸਵੇਰੇ ਸਵੇਰੇ ਸੀਸ ਗੰਜ ਸਾਹਿਬ ਜਾਣਾ ਹੈ। ਗੁਰ-ਦੁਆਰਾ ਸਾਹਿਬ ਤਾਂ ਹੁਣ ਉਹ ਰੋਜ਼ ਹੀ ਜਾਣ ਲੱਗ ਪਏ ਸਨ। ਪਰ ਉਹਨਾਂ ਦੀ ਡਿਊਟੀ ਸ਼ਿਫਟਾਂ 'ਚ ਹੁੰਦੀ ਸੀ। ਜਦੋਂ ਸਵੇਰ ਦੀ ਸ਼ਿਫਟ ਹੋਣੀ ਤਾਂ ਸ਼ਾਮ ਨੂੰ ਤੇ ਜਦੋਂ ਸ਼ਾਮ ਦੀ ਸ਼ਿਫਟ ਹੋਣੀ ਤਾਂ ਸਵੇਰ ਨੂੰ ਜਾਂਦੇ ਸੀ। ਅਗਲੇ ਦਿਨ ਉਹਨਾਂ ਦੀ ਸਵੇਰ ਦੀ ਸ਼ਿਫਟ ਸੀ। ਮੈਂ ਕਿਹਾ, ਕੀ ਗੱਲ ਕਲ੍ਹ ਨੂੰ ਤਾਂ ਤੁਸੀਂ ਸ਼ਾਮ ਨੂੰ ਗੁਰਦੁਆਰਾ ਸਾਹਿਬ ਜਾਣਾ ਹੈ। ਸ਼ਿਫਟ ਸਵੇਰ ਦੀ ਹੈ। ਕੀ ਕੋਈ ਖਾਸ ਗੱਲ ਹੈ ? ਕਹਿਣ ਲੱਗੇ ਆਹੋ ਬਹੁਤ ਹੀ ਖਾਸ ਗੱਲ ਹੈ। ਮੈਂ ਕਿਹਾ, ਚੰਗਾ ਜੀ। ਹੋਰ ਅੱਗੇ ਗੱਲ ਮੈਂ ਕੀ ਮੈਂ ਤੋਰਦੀ।

? ਭਾਈ ਕਿਹਰ ਸਿੰਘ ਹੁਰਾਂ ਨਾਲ ਇਹਨਾਂ ਦੇ ਸਬੰਧਾਂ ਬਾਰੇ ਕੋਈ ਗੱਲ ?

—ਭਾਈ ਸਾਹਿਬ ਬਹੁਤ ਹੀ ਸਿੱਖੀ ਸੁਭਾਅ ਦੇ ਵਿਅਕਤੀ ਸਨ। ਜਦੋਂ ਪ੍ਰੋ: ਦਰਸ਼ਨ ਸਿੰਘ ਦਿੱਲੀ ਕੀਰ-ਤਨ ਕਰਨ ਆਏ ਤਾਂ ਇਹ ਦੋਵੇਂ ਕੀਰਤਨ ਸੁਣਨ ਜਾਂਦੇ ਰਹੇ ਦੋ ਦਿਨ। ਮੈਨੂੰ ਬਾਅਦ 'ਚ ਪਤਾ ਲਗਿਆ ਕਿ ਜਦੋਂ ਪ੍ਰੋ: ਸਾਹਿਬ ਨੇ ਸਾਕਾ ਹਰਿਮੰਦਰ ਸਾਹਿਬ ਬਾਰੇ ਵੈਰਾਗਮਈ ਕੀਰਤਨ ਕੀਤਾ ਤਾਂ ਇਹ ਬੈਠੇ ਬੈਠੇ ਰੋ ਪਏ। ਇਸ 'ਤੇ ਭਾਈ ਕਿਹਰ ਸਿੰਘ ਹੁਰਾਂ ਕਿਹਾ, "ਸਿੰਘ ਸੂਰਮੇ ਰੋਂਦੇ ਨਹੀਂ ਹੁੰਦੇ, ਉਹ ਤ ਬਦਲਾ ਲੈਂਦੇ ਹਨ।" ਅੰਤ ਤੱਕ ਉਹਨਾਂ ਨਾਲ ਇਹਨਾਂ ਦੇ ਸਬੰਧ ਬਹੁਤ ਹੀ ਗੂੜੇ ਹੁੰਦੇ ਗਏ। ਇਹਨਾਂ ਦੇ ਆਪਸੀ ਸਲਾਹ ਮਸ਼ਵਰੇ 'ਚ ਹੁਣ ਦੇਖਿਆਂ ਲੱਗਦੈ ਕਿ ਬਹੁਤ ਹੀ ਗੰਭੀਰਤਾ ਆ ਗਈ ਸੀ। ਭਾਈ ਕਿਹਰ ਸਿੰਘ ਹੁਰਾਂ ਨੂੰ ਪੁਲਸ ਨੇ ਇੰਨਾ ਟਾਰਚਰ (ਤਸ਼ੱਦਦ) ਕੀਤਾ ਕਿ ਮੈਂ ਤੁਹਾਨੂੰ ਦੱਸ ਨਹੀਂ ਸਕਦੀ। ਉਂਝ ਇਹ ਠੀਕ ਹੈ ਕਿ ਉਹਨਾਂ ਖਿਲਾਫ ਪੁਲਸ ਕੋਲ ਕੋਈ ਗਵਾਹੀ ਨਹੀਂ ਸੀ। ਉਂਝ ਮੇਰੀ ਇੰਟੈਰੋ-ਗੇਸ਼ਨ ਮੌਕੇ ਪੁਲਸ ਅਧਿਕਾਰੀ ਮੈਨੂੰ ਇਹ ਕਹਿੰਦੇ ਰਹਿੰਦੇ ਸਨ ਕਿ ਅਸਲ ਪੁਆੜੇ ਦੀ ਜੜ੍ਹ ਕਿਹਰ ਸਿੰਘ ਹੀ ਹੈ ਉਸਨੇ ਹੀ ਬੇਅੰਤ ਸਿੰਘ ਨੂੰ ਮਾਨਸਕ ਤੌਰ 'ਤੇ ਤਿਆਰ ਕੀਤਾ ਹੈ।

? ਤੁਹਾਨੂੰ ਇੰਦਰਾ ਗਾਂਧੀ ਨੂੰ ਕਤਲ ਕਰਨ ਤੇ ਇਸ 'ਚ ਭਾਈ ਸਾਹਿਬ ਦੇ ਸ਼ਾਮਲ ਹੋਣ ਬਾਰੇ ਕਦੋਂ ਪਤਾ ਲੱਗਿਆ ?

—31 ਅਕਤੂਬਰ ਨੂੰ ਮੈਂ 12 ਵਜੇ ਹਸਪਤਾਲ 'ਚੋਂ ਲੰਚ ਦੀ ਛੁੱਟੀ ਲਈ 15 ਕੁ ਮਿੰਟ ਲੇਟ ਹੀ ਸਾਂ ਕਿ ਮੈਨੂੰ ਸੁਪਰਡੈਂਟ ਦਾ ਸੁਨੇਹਾ ਆ ਗਿਆ। ਪਹਿਲਾਂ ਮੈਨੂੰ ਪਤਾ ਲੱਗ ਗਿਆ ਸੀ ਕਿ ਇੰਦਰਾ ਗਾਂਧੀ ਨੂੰ ਗੋਲੀ ਵੱਜੀ ਹੈ। ਜਦੋਂ ਮੈਂ ਦਫਤਰ 'ਚ ਪੁਲਿਸ ਨੂੰ ਵੇਖਿਆ ਤਾਂ ਮੈਨੂੰ ਲੱਗਿਆ ਕਿ ਕਿਤੇ ਸਰਦਾਰ ਹੁਰਾਂ ਦੇ ਵੀ ਗੋਲੀ ਨਾ ਵੱਜੀ ਹੋਵੇ ਕਿਉਂਕਿ ਉਹ ਉਸ ਦੇ ਨਾਲ ਹੀ ਰਹਿੰਦੇ ਹੁੰਦੇ ਸਨ। ਮੈਂ ਪੁੱਛਿਆ ਕੀ ਗੱਲ ਹੈ ? ਉਹਨਾਂ ਕੁਝ ਨਾ ਦੱਸਿਆ ਮੈਨੂੰ ਘਰ ਲੈ ਆਏ। ਘਰ ਸਾਰਾ ਸਮਾਨ ਉਲੱਦ ਪਲੱਦ ਸੁੱਟਿਆ ਹੋਇਆ ਸੀ। ਸਰਦਾਰ ਸਾਹਿਬ ਦੀ ਮਾਤਾ ਜੀ ਘਰ ਸਨ। ਮੈਂ ਪੁੱਛਿਆ ਕਿਤੇ ਉਹ ਤਾਂ ਨਹੀਂ ਜ਼ਖਮੀ ਹੋਏ ? ਕਹਿੰਦੇ ਪਤਾ ਨਹੀਂ। ਫਿਰ ਸ਼ਾਮ ਤੱਕ ਪੁਲਿਸ ਵਾਲੇ ਉਥੇ ਹੀ ਬੈਠੇ ਰਹੇ। ਵਿਚਾਰਾ ਦੀ ਮੈਂ ਪੁੱਛਿਆ

ਤੁਸੀਂ ਜਾਂਦੇ ਕਿਤੇ ਨਹੀਂ ? ਐਥੇ ਕੀ ਕਰਦੇ ਹੋ ? ਕਹਿੰਦੇ ਸਾਡੇ ਅਫਸਰਾਂ ਨੇ ਆਉਣਾ ਹੈ। ਮੈਂ ਬਹੁਤ ਘਬਰਾਈ ਹੋਈ ਸਾਂ। ਸ਼ਾਮ ਨੂੰ ਪੁਲਿਸ ਦੀ ਇਕ ਲੇਡੀ ਏ. ਐਸ. ਆਈ. ਮੇਰੇ ਘਰ ਆਈ। ਉਸ ਕਿਹਾ ਭੈਣ ਜੀ ਸਾਰਾ ਸਮਾਨ ਸਾਂਭ ਲਵੋ। ਮੈਂ ਕਿਹਾ ਬੇਅੰਤ ਸਿੰਘ ਹੁਰੀਂ ਠੀਕ ਠਾਕ ਨੇ। ਕੀ ਗੱਲ ਹੋਈ ? ਉਹ ਚੁੱਪ ਚਾਪ ਮੇਰੇ ਨਾਲ ਸਮਾਨ ਸਾਂਭਣ ਲੱਗ ਪਈ। ਇਸ ਦੌਰਾਨ ਹੀ ਉਸ ਨੇ ਹੌਲੀ ਜਿਹੀ ਮੈਨੂੰ ਦੱਸ ਦਿੱਤਾ ਕਿ ਬੇਅੰਤ ਸਿੰਘ ਤੇ ਸਤਵੰਤ ਸਿੰਘ ਨੇ ਇੰਦਰਾ ਗਾਂਧੀ ਨੂੰ ਮਾਰ ਦਿੱਤਾ ਹੈ। ਮੈਂ ਪੁਛਿਆ ਸਤਵੰਤ ਸਿੰਘ ਸਿਪਾਹੀ ਹੈ। ਉਸ ਕਿਹਾ, ਹਾਂ ਉਹ ਸਿਪਾਹੀ ਹੈ। ਬੱਸ ਇਕ ਦਮ ਮੈਨੂੰ ਸਾਰੀ ਗੱਲ ਸਮਝ ਆ ਗਈ ਕਿ ਇਹ ਉਹੋ ਸਿਪਾਹੀ ਹੋਵੇਗਾ ਜੋ ਅਕਸਰ ਹੀ ਸਾਡੇ ਘਰ ਆਉਂਦਾ ਸੀ। ਬਾਅਦ 'ਚ ਇੰਟੈਰੋਗੇਸ਼ਨ ਮੌਕੇ ਉਹਨਾਂ ਮੈਨੂੰ ਭਾਈ ਸਤਵੰਤ ਸਿੰਘ ਦੀ ਫੋਟੋ ਦਿਖਾਕੇ ਪੁੱਛਿਆ ਕਿ ਤੁਸੀਂ ਇਸ ਨੂੰ ਜਾਣਦੇ ਹੋ ? ਮੈਂ ਕਿਹਾ, ਹਾਂ ਇਹ ਹੀ ਉਹਨਾਂ ਦਾ ਨਵਾਂ ਦੋਸਤ ਹੈ ਜੋ ਅਕਸਰ ਸਾਡੇ ਘਰ ਆਉਂਦਾ ਸੀ।

? ਇੰਟੈਰੋਗੇਸ਼ਨ 'ਚ ਕੀ ਪੁਛਿਆ, ਕੀ ਤਸ਼ੱਦਦ ਕੀਤਾ ?

—ਮੈਨੂੰ 15-16 ਦਿਨ ਸੌਣ ਨਾ ਦਿਤਾ। ਓਪਰੇਸ਼ਨ ਬਲਿਊ ਸਟਾਰ ਤੋਂ ਲੈ ਕੇ 30 ਅਕਤੂਬਰ ਤਕ ਬਾਰ ਬਾਰ ਇਹੀ ਪੁੱਛਦੇ ਰਹੇ ਕਿਸਨੂੰ ਮਿਲੇ, ਕੀ ਗੱਲਾਂ ਕੀਤੀਆਂ ? ਬੱਸ ਮੇਰੇ ਕੋਲੋਂ ਇਹੀ ਪੁੱਛਦੇ ਰਹੇ ਕਿ ਤੁਹਾਨੂੰ ਪਹਿਲਾਂ ਜਰੂਰ ਪਤਾ ਹੋਵੇਗਾ। ਧਮਕੀਆਂ ਫਾਂਸੀ, ਉਮਰ ਕੈਦ ਆਦਿ ਦੀਆਂ। ਕਹਿੰਦੇ ਤੁਮ ਸਾਂਪ ਕੇ ਬੱਚੇ ਹੋ। ਆਪ ਕੇ ਬੱਚੋਂ ਕੋ ਆਪ ਕੇ ਸਾਹਮਣੇ ਫਾਂਸੀ ਦੀ ਜਾਏਗੀ-ਵਗੈਰਾ ਵਗੈਰਾ।

? ਸ਼ਹੀਦ ਬੇਅੰਤ ਸਿੰਘ ਦੇ ਇਸ ਮਹਾਨ ਕਾਰਨਾਮੇ ਬਾਰੇ ਅੱਜ ਤੁਸੀਂ ਕਿਵੇਂ ਸੋਚਦੇ ਹੋ ?

—ਦੇਖੋ ਜੀ, ਜਦੋਂ ਕੋਈ ਜ਼ਾਲਮ ਪੈਦਾ ਹੁੰਦਾ ਹੈ ਤਾਂ ਉਸ ਦਾ ਸਰਵਨਾਸ਼ ਕਰਨ ਵਾਲਾ ਵੀ ਨਾਲ ਹੀ ਪੈਦਾ ਹੋ ਜਾਂਦਾ ਹੈ। ਇਸੇ ਲਈ ਬੇਅੰਤ ਸਿੰਘ ਹੁਰਾਂ ਇਹ ਕਾਰਵਾਈ ਕੀਤੀ ਹੈ। ਸਾਡਾ ਸਿੱਖਾਂ ਦਾ ਇਤਿਹਾਸ ਤੇ ਵਿਰਸਾ ਇਸ ਗੱਲ ਦਾ ਗਵਾਹ ਹੈ। ਮੈਨੂੰ ਇਕ ਸ਼ਹੀਦ ਦੀ ਪਤਨੀ ਹੋਣ ਦਾ ਫਖਰ ਹੈ। ਸਾਡੇ ਗੁਰੂ ਸਾਹਿਬਾਨ ਨੇ ਤਾਂ ਖਾਲਸਾ ਪੰਥ ਲਈ ਆਪਣਾ ਸਾਰਾ ਸਰਬੰਸ ਹੀ ਵਾਰ ਦਿੱਤਾ ਸੀ। ਅਸੀਂ ਤਾਂ ਹਾਲੇ ਕੁਝ ਵੀ ਨਹੀਂ ਕੀਤਾ। ਇਹ ਠੀਕ ਹੈ ਪਰਿਵਾਰਕ ਤੌਰ 'ਤੇ ਸਾਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਬੱਚਿਆਂ ਕੋਲੋਂ ਪਿਤਾ ਦਾ ਪਿਆਰ ਤੇ ਮੇਰੇ ਕੋਲੋਂ ਮੇਰਾ ਸਾਥੀ ਨਹੀਂ ਰਿਹਾ। ਪਰ ਸਿੱਖ ਇਤਿਹਾਸ ਦੀਆਂ ਰਵਾਇਤਾਂ ਨੂੰ ਅੱਗੇ ਤੋਰਨਾ ਬਹੁਤ ਹੀ ਮਾਣ ਵਾਲੀ ਗੱਲ ਹੈ ਜੋ ਗੁਰੂ ਦੇ ਹੁਕਮ ਤੋਂ ਬਿਨਾਂ ਨਹੀਂ ਹੋ ਸਕਦਾ। ਸਰਕਾਰਾਂ ਤਾਂ ਜੋ ਕੁਝ ਮਰਜੀ ਕਹਿਣ। ਭਗਤ ਸਿੰਘ ਨੂੰ ਵੀ ਕਾਂਗਰਸ ਵਾਲੇ ਅੱਤਵਾਦੀ ਕਹਿੰਦੇ ਸੀ ਤੇ ਉਸ ਲਈ ਇਹਨਾਂ ਕੋਈ ਹਾਅ ਦਾ ਨਾਅਰਾ ਵੀ ਨਹੀਂ ਮਾਰਿਆ ਸੀ। ਪਰ ਅੱਜ ਉਸੇ ਭਗਤ ਸਿੰਘ ਦੇ ਰੇਅ ਵਰਗੇ ਹਾਰ ਪਾ ਰਹੇ ਨੇ। ਜਦੋਂ ਉਹਨਾਂ ਨੂੰ (ਬੇਅੰਤ ਸਿੰਘ) ਸਹੀ ਹੀ ਧਰਮ ਦੀ ਖੁਆਈ ਸੀ ਨੌਕਰੀ ਵੇਲੇ ਤਾਂ ਉਹ ਧਰਮ ਪ੍ਰਤੀ ਪੂਰੇ ਵਫਾਦਾਰ ਹੋ ਨਿਬੜੇ। ਸਿੱਖ ਧਰਮ ਅਸਥਾਨਾਂ 'ਤੇ ਹਮਲੇ ਨੇ ਉਹਨਾਂ ਨੂੰ ਧੁਰ ਅੰਦਰ ਤਕ ਹਿਲਾਕੇ ਰੱਖ ਦਿੱਤਾ ਸੀ। ਤੇ ਜੋ ਗੁਰੂ ਸਾਹਿਬ ਦਾ ਹੁਕਮ ਹੋਇਆ ਉਹਨਾਂ ਉਹ ਕੁਝ ਹੀ ਕੀਤਾ। ਜਦੋਂ ਹੀ ਉਹਨਾਂ ਦਾ ਮਨ ਇਸ ਦਿਸ਼ਾ ਵਲ ਹੋ ਤੁਰਿਆ ਤੇ ਉਹਨਾਂ ਆਪਣੇ ਆਪ ਨੂੰ ਕਿਸੇ ਵਡੇਰੇ ਮਕਸਦ ਲਈ ਅਰਪਤ ਕਰਨਾ ਸ਼ੁਰੂ ਕਰ ਦਿੱਤਾ ਉਦੋਂ ਤੋਂ ਹੀ ਉਹਨਾਂ ਦੀ ਰੁਚੀ ਪਰਵਾਰਿਕ ਮਾਮਲਿਆਂ 'ਚ ਘਟਣ ਲੱਗ ਪਈ ਸੀ।

? ਠੱਕਰ ਕਮਿਸ਼ਨ ਰਿਪੋਰਟ ਅੰਦਰ ਜਾਂ ਕੁਝ ਹੋਰ ਹਲਕਿਆਂ 'ਚ ਇਹ ਕਿਹਾ ਜਾਂਦਾ ਹੈ ਕਿ ਬੇਅੰਤ ਸਿੰਘ ਹੋਰਾਂ ਨੂੰ ਧਵਨ ਵਗੈਰਾ ਨੇ ਉਕਸਾਇਆ ਜਾਂ ਕਿਸੇ ਹੋਰ ਤਾਕਤ ਨੇ ਵਰਤਿਆ ?

—ਇਹ ਸਭ ਕੁਝ ਨਿਰੋਲ ਬਕਵਾਸ ਹੈ। ਭਾਵੇਂ ਉਸ ਸਮੇਂ ਮੈਂ ਸਰਦਾਰ ਬੇਅੰਤ ਸਿੰਘ ਹੁਰਾਂ 'ਚ ਆ ਰਹੀਆਂ ਤਬਦੀਲੀਆਂ ਨੂੰ ਗੰਭਰੀਤਾ ਨਾਲ ਨੋਟ ਨਹੀਂ ਕੀਤਾ ਸੀ। ਮੈਂ ਇਹੀ ਸਮਝਦੀ ਰਹੀ ਕਿ ਸਾਰੇ ਸਿੱਖਾਂ ਦੇ ਮਨ ਹੀ ਦੁਖੀ ਨੇ ਤੇ ਇਵੇਂ ਹੀ ਇਹ ਵੀ ਦੁਖੀ ਨੇ। ਪਰ ਬਾਅਦ 'ਚ ਮੈਨੂੰ ਤਾਂ ਸਾਰੀਆਂ ਗੱਲਾਂ ਇੰਝ ਸਪਸ਼ਟ ਦਿਖਾਈ ਦੇ ਰਹੀਆਂ ਨੇ ਜਿਵੇਂ ਲਗਾਤਾਰ ਉਹ ਆਪਣੇ ਆਪ ਨੂੰ ਇਸ ਮਹਾਨ ਫਰਜ਼ ਦੀ ਪੂਰਤੀ ਲਈ ਤਿਆਰ ਕਰ ਰਹੇ ਸਨ। ਉਹ ਮੁੱਢ ਤੋਂ ਹੀ ਜਜ਼ਬਾਤੀ, ਲੋੜਵੰਦਾਂ ਦੀ ਸਹਾਇਤਾ ਕਰਨ ਵਾਲੇ ਸਨ। ਉਹਨਾਂ ਕੋਲੋਂ ਖਾਲਸਾ ਪੰਥ ਦੀ ਪੈਰਾਂ 'ਚ ਰੁਲਦੀ ਪੱਗ ਨਹੀਂ ਜਰੀ ਗਈ। ਹੁਣ ਬਾਅਦ 'ਚ ਕਿਹਰ ਸਿੰਘ ਹੁਰਾਂ ਦੀ ਪੁੱਛ-ਗਿੱਛ ਰਾਹੀਂ ਜੋ ਗੱਲਾਂ ਮੈਨੂੰ ਪਤਾ ਲੱਗੀਆਂ ਕਿ ਉਹਨਾਂ ਪਹਿਲਾਂ ਵੀ ਕਈ ਵਾਰ ਇੰਦਰਾ ਗਾਂਧੀ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਠੀਕ ਉਹਨਾਂ ਹੀ ਦਿਨਾਂ 'ਚ ਮੇਰੇ ਬਿਲ-ਕੁਲ ਯਾਦ ਹੈ ਉਹ ਬਹੁਤ ਹੀ ਗੁੰਮ ਸੁੰਮ ਜਿਹੇ ਰਹਿੰਦੇ ਰਹੇ ਤੇ ਸਾਰਾ ਸਾਰਾ ਦਿਨ ਘਰ ਨਹੀਂ ਆਉਂਦੇ ਸਨ। ਕਿਉਂਕਿ ਉਹ ਭਾਈ ਕਿਹਰ ਸਿੰਘ ਹੁਰਾਂ ਨਾਲ ਲੱਗਦੇ ਆਪਣਾ ਸਾਰਾ ਕੁਝ ਸਾਂਝਾ ਕਰਦੇ ਰਹਿੰਦੇ ਸਨ। ਇਸੇ ਲਈ ਉਹ ਲਗਾਤਾਰ ਧਾਰਮਕ ਰੁਚੀਆਂ 'ਚ ਪ੍ਰਪੱਕ ਹੁੰਦੇ ਜਾ ਰਹੇ ਸਨ। ਆਪਣੇ ਆਪ ਨੂੰ ਤਿਆਰ ਕਰਨ ਲਈ।

? ਬਾਅਦ 'ਚ ਜਿਵੇਂ ਅਦਾਲਤਾਂ ਅੰਦਰ ਇਹ ਕੇਸ ਲੜਿਆ ਗਿਆ ਉਸ ਬਾਰੇ ਤੁਹਾਡਾ ਕੀ ਵਿਚਾਰ ਹੈ ? ਕਿਉਂਕਿ ਜਨਰਲ ਵੈਦਿਆ ਨੂੰ ਮਾਰਨ ਦੇ ਮਾਮਲੇ 'ਚ ਜਿਵੇਂ

ਤੇ ਸੁੱਖੇ ਨੇ ਠੋਕਕੇ ਬਿਆਨ ਦਿੱਤਾ ਹੈ ਕਿ ਅਸੀਂ ਇਹ ਕਾਰਨਾਮਾ ਕੀਤਾ ਹੈ ਤੇ ਕਿਸ ਕਰਕੇ ਕੀਤਾ ਹੈ ?

—ਜਿੰਦੇ ਤੇ ਸੁੱਖੇ ਨੇ ਬਿਲਕੁਲ ਠੀਕ ਕੀਤਾ ਹੈ। ਪਹਿਲਾਂ ਮੈਂ ਅਖਬਾਰਾਂ 'ਚ ਪੜ੍ਹਿਆ ਸੀ ਕਿ ਸਤਵੰਤ ਸਿੰਘ ਨੇ ਇਕਬਾਲੀਆ ਬਿਆਨ ਦੇ ਦਿੱਤਾ ਹੈ। ਇਹ ਗੱਲ ਬਹੁਤ ਹੀ ਸਾਫ਼ ਸੀ ਕਿ ਸਰਦਾਰ ਬੇਅੰਤ ਸਿੰਘ ਤੇ ਸਤਵੰਤ ਸਿੰਘ ਨੇ ਇੰਦਰਾ ਗਾਂਧੀ ਨੂੰ ਮਾਰਿਆ ਹੈ। ਅਤੇ ਕਿਉਂ ਮਾਰਿਆ ਹੈ। ਇਹ ਗੱਲ ਹਿੱਕ ਠੋਕ ਕੇ ਕਹਿਣੀ ਚਾਹੀਦੀ ਸੀ। ਇਸ ਪਿੱਛੇ ਸਾਰਾ ਸਿੱਖ ਇਤਿਹਾਸ ਤੇ ਰਵਾਇਤਾਂ ਹਨ। ਇਹਨਾਂ ਦੀ ਪੁਸ਼ਟੀ ਤੇ ਸੱਚ 'ਤੇ ਮੋਹਰ ਲੱਗਣੀ ਜ਼ਰੂਰੀ ਸੀ। ਬਾਅਦ 'ਚ ਭਾਈ ਸਤਵੰਤ ਸਿੰਘ ਨੇ ਬਹੁਤ ਹੀ ਚੰਗਾ ਕੀਤਾ। ਪਰ ਵਿਚਕਾਰ ਦੀ ਆ ਕੇ ਲੇਖੀ ਵਕੀਲ ਹੁਰਾਂ ਸਾਰੇ ਕੇਸ ਨੂੰ ਬਹੁਤ ਹੀ ਬੁਰੀ ਤਰ੍ਹਾਂ ਵਿਗਾੜ ਕੇ ਅਸਲ ਗੱਲ ਤੋਂ ਤਿਲਕਾ (ਡਾਈਵਰਟ) ਦਿੱਤਾ ਸੀ। ਇਹ ਪਤਾ ਹੀ ਸੀ ਕਿ ਉਹਨਾਂ ਨੂੰ ਫਾਂਸੀ ਦੇਣੀ ਹੀ ਹੈ। ਕੇਂਹੜੇ ਸੂਰਮੇ ਹੱਸ ਹੱਸ ਕੇ ਫਾਂਸੀ ਚੜ੍ਹੇ ਹਨ। ਕੇਸ ਦੇ ਸਬੰਧ 'ਚ ਵਕੀਲਾਂ ਨੇ ਗਲਤ ਸਲਾਹਾਂ ਹੀ ਦਿੱਤੀਆਂ ਹਨ। ਨਾਲੇ ਵੈਦਿਆ ਨੂੰ ਕਤਲ ਕਰਨ ਬਾਰੇ ਤਾਂ ਕੋਈ ਕਹਿ ਵੀ ਸਕਦੈ ਕਿ ਕਤਲ ਕਰਨ ਵਾਲੇ ਹੋਰ ਸਨ ਪਰ ਇੰਦਰਾ ਦੇ ਕਤਲ ਕੇਸ 'ਚ ਤਾਂ ਗੱਲ ਸਾਰੀ ਦੁਨੀਆ ਨੂੰ ਹੀ ਸਾਫ਼ ਸੀ।

? ਮੌਜੂਦਾ ਸਿੱਖ ਸੰਘਰਸ਼ ਬਾਰੇ ਕੁੱਝ ਕਹਿਣਾ ਚਾਹੁੰਦੇ ਹੋ ?

—ਦੇਖੋ ਜੀ, ਸਿੱਖ ਭਾਰਤ ਅੰਦਰ ਗੁਲਾਮ ਹਨ। ਇਸ ਬਾਰੇ ਕੋਈ ਦੋ ਰਾਵਾਂ ਨਹੀਂ। ਅਸੀਂ ਇਹ ਗੁਲਾਮੀ ਗਲੋਂ ਲਾਹੁਣੀ ਹੈ ਤੇ ਅਜ਼ਾਦ ਹੋਣਾ ਹੈ। ਇਸ ਲਈ ਅਸੀਂ ਹਰ ਕੁਰਬਾਨੀ ਕਰਨ ਲਈ ਤਿਆਰ ਹਾਂ।

? ਕੀ ਭਾਰਤ ਦੇ ਮੌਜੂਦਾ ਸੰਵਿਧਾਨਕ ਢਾਂਚੇ ਅੰਦਰ ਸਿੱਖ ਅਜ਼ਾਦੀ ਦਾ ਨਿੱਘ ਮਾਣ ਸਕਦੇ ਹਨ ?

— ਨਹੀਂ ਬਿਲਕੁਲ ਵੀ ਨਹੀਂ। ਨਾਲੇ ਭਾਰਤ ਦਾ ਸੰਵਿਧਾਨ ਹੈ ਹੀ ਕਿਹੜਾ ? ਇਹ ਤਾਂ ਸਿੱਖਾਂ ਦੀ ਵੱਖਰੀ ਹੋਂਦ ਹੀ ਮੰਨਣ ਨੂੰ ਤਿਆਰ ਨਹੀਂ। ਉਹਨਾਂ ਨੂੰ ਕੇਸਾਧਾਰੀ ਹਿੰਦੂ ਹੀ ਗਰਦਾਨਦਾ ਹੈ। ਜੇ ਕਾਂਗਰਸ ਆਪਣੇ ਹਿੱਤਾਂ ਲਈ ਸੰਵਿਧਾਨ ਵਿਚ 65 ਵਾਰੀ ਤਬਦੀਲੀਆਂ ਕਰ ਸਕਦੀ ਹੈ ਤਾਂ ਸਿੱਖਾਂ ਦੀ ਸੰਤੁਸ਼ਟੀ ਲਈ ਇਹ ਕਿਉਂ ਨਹੀਂ ਬਦਲਿਆ ਜਾ ਸਕਦਾ ? ਖ਼ੁਦ ਮੁਖਤਿਆਰੀ ਹੀ ਸਿੱਖਾਂ ਨੂੰ ਕੁੱਝ ਹੱਦ ਤੱਕ ਸੰਤੁਸ਼ਟ ਕਰ ਸਕਦੀ ਹੈ। ਪਰ ਦਿੱਲੀ ਦਰਬਾਰ ਖੁਦ-ਮੁਖਤਿਆਰੀ ਤਾਂ ਕੀ ਇਹ ਤਾਂ ਅਨੰਦਪੁਰ ਦਾ ਮਤਾ ਵੀ ਦੇਣ ਨੂੰ ਤਿਆਰ ਨਹੀਂ। ਆਰਥਕ, ਧਾਰਮਕ, ਸਭਿਆਚਾਰਕ ਤੇ ਰਾਜਸੀ ਤੌਰ 'ਤੇ ਪੰਜਾਬ ਨੂੰ ਪੂਰੀ ਅਜ਼ਾਦੀ ਮਿਲਣੀ ਜ਼ਰੂਰੀ ਹੈ। ਪਰ ਅੱਜ ਦੇ ਹਾਕਮ ਤਾਂ ਸੰਵਿਧਾਨ ਅਨੁਸਾਰ ਜੋ ਹੱਕ ਪੰਜਾਬ ਨੂੰ ਮਿਲਣੇ ਚਾਹੀਦੇ ਹਨ ਉਹ ਵੀ ਨਹੀਂ ਦੇ ਰਹੇ। ਪੰਜਾਬ ਦੇ ਪਾਣੀ ਪੰਜਾਬ ਤੋਂ ਗੈਰ ਕਾਨੂੰਨੀ ਤੌਰ 'ਤੇ ਧੱਕੇ ਨਾਲ ਖੋਹੇ ਹੋਏ ਹਨ। ਸਾਨੂੰ ਸ਼ਾਂਤਮਈ ਰੋਸ ਪ੍ਰਗਟ ਕਰਨ ਦਾ ਵੀ ਹੱਕ ਨਹੀਂ। ਝੂਠੇ ਮੁਕਾਬਲੇ ਬਣਾਏ ਜਾ ਰਹੇ ਹਨ। ਕਿਸੇ ਨੂੰ ਵੀ ਫੜਕੇ 24 ਘੰਟੇ ਅੰਦਰ ਪੇਸ਼ ਕਰਨਾ ਹੁੰਦਾ ਪਰ ਇਹ ਤਾਂ ਕਈ ਕਈ ਮਹੀਨੇ ਪੇਸ਼ ਹੀ ਨਹੀਂ ਕਰਦੇ। ਨਾਲੇ ਸੰਵਿਧਾਨ ਅਨੁਸਾਰ ਤਾਂ ਪੁਲਸ ਕਿਸੇ ਤੋਂ ਕੁੱਝ ਵੀ ਪੁੱਛਣ ਲਈ ਕੁੱਟਮਾਰ ਕਰ ਹੀ ਨਹੀਂ ਸਕਦੀ। ਸੋ ਸੰਵਿਧਾਨ ਦਾ ਕੋਈ ਮਸਲਾ ਹੀ ਨਹੀਂ। ਇਹ ਲੋਕਾਂ ਨੂੰ ਗੁਮਰਾਹ ਕਰਨ ਦਾ ਪ੍ਰਾਪੇਗੰਡਾ ਹੈ। ਨਾ ਸੰਵਿਧਾਨ ਅਨੁਸਾਰ ਸਿੱਖਾਂ ਦੀ ਤਸੱਲੀ ਹੋ ਸਕਦੀ ਹੈ। ਨਾ ਹੀ ਸੰਵਿਧਾਨ ਨੂੰ ਸਰਕਾਰ ਖੁਦ ਮੰਨਦੀ ਹੈ ਤੇ ਉਹ ਇਸ ਨੂੰ ਮੰਨਣ ਲਈ ਕਹਿਣ ਦਾ ਨੈਤਿਕ ਹੱਕ ਵੀ ਗੁਆ ਚੁੱਕੀ ਹੈ।

? ਜੇ ਸਰਕਾਰ ਸੰਵਿਧਾਨ ਨੂੰ ਸੱਚੀ ਹੀ ਮੰਨਣ ਲੱਗ ਪਵੇ ?

— ਫਿਰ ਵੀ ਇਸਦੇ ਘੇਰੇ ਅੰਦਰ ਗੱਲ ਨਹੀਂ ਬਣ ਸਕਦੀ। ਹਾਂ--ਅਸਲ ਮੁੱਦੇ ਜ਼ਰੂਰ ਉਭਰਕੇ ਸਾਹਮਣੇ ਆ ਜਾਣਗੇ ਤੇ ਹਕੂਮਤੀ ਜਬਰ 'ਤੇ ਕੁਝ ਰੋਕ ਲੱਗ ਜਾਵੇਗੀ।

? ਸਰਕਾਰ ਨਾਲ ਕੋਈ ਸਮਝੌਤਾ ਸਭਵ ਹੈ ?

— ਹਾਲ ਦੀ ਘੜੀ ਤਾਂ ਲੱਗਦੈ ਕੋਈ ਸਮਝੌਤਾ ਸੰਭਵ ਨਹੀਂ। ਦੇਖੋ ਜੀ, ਅਸਲ ਮਸਲਾ ਕੀ ਹੈ ? ਅਸਲ 'ਚ ਮਸਲਾ ਆਰਥਕ, ਧਾਰਮਕ, ਰਾਜਸੀ ਤੇ ਸਭਿਆਚਾਰਕ ਤੌਰ 'ਤੇ ਗੁਲਾਮੀ ਖਤਮ ਕਰਨ ਦਾ ਹੈ। ਲੜਾਈ ਇਸ ਲਈ ਹੀ ਸ਼ੁਰੂ ਹੋਈ ਸੀ। ਇਸ ਲੜਾਈ ਦੌਰਾਨ ਕਈ ਨਵੇਂ ਮਸਲੇ ਪੈਦਾ ਹੋ ਗਏ। ਪੁਲਸ ਜਬਰ, ਨਵੰਬਰ 84 ਵਿਚ ਸਿੱਖਾਂ ਦਾ ਕਤਲੇਆਮ, ਝੂਠੇ ਕੇਸ, ਕਾਲੇ ਕਾਨੂੰਨ ਵਗੈਰਾ ਸਰਕਾਰ ਦੀ ਸਾਜਿਸ਼ ਇਹ ਹੈ ਕਿ ਲੜਾਈ ਦੌਰਾਨ ਪੈਦਾ ਹੋਏ ਮਸਲਿਆਂ 'ਤੇ ਸਮਝੌਤਾ ਕਰ ਲਓ ਪਰ ਜਿੱਥੋਂ ਲੜਾਈ ਸ਼ੁਰੂ ਹੋਈ ਉਸ ਬਾਰੇ ਗੱਲ ਨਾ ਕਰੋ ਤੇ ਲੜਾਈ ਬੰਦ ਕਰ ਦਿਓ। ਸਰਕਾਰ ਦੀਆਂ ਸ਼ਰਤਾਂ ਅਨੁਸਾਰ ਸਮਝੌਤਾ ਕਰਨ ਦਾ ਮਤਲਬ ਤਾਂ ਇਹੀ ਬਣਿਆ ਕਿ ਅਸੀਂ ਲੜਾਈ ਹੀ ਗਲਤ ਸ਼ੁਰੂ ਕੀਤੀ ਸੀ। ਕੋਈ ਕਹਿ ਸਕਦਾ ਹੈ ਕਿ ਜੇ ਤੁਸੀਂ ਲੜਨਾ ਸ਼ੁਰੂ ਹੀ ਨਾ ਕਰਦੇ ਤਾਂ ਇਹ ਮੰਗਾਂ (ਜੋ ਸਮਝੌਤੇ ਅਨੁਸਾਰ ਮੰਨਣ ਲਈ ਸਰਕਾਰ ਤਿਆਰ ਹੋ ਸਕਦੀ ਹੈ) ਤਾਂ ਪੈਦਾ ਹੀ ਨਹੀਂ ਸੀ ਹੋਣੀਆਂ। ਸਿੱਖ ਅਸਲ ਮਸਲਿਆਂ ਨੂੰ ਨਿਬੇੜੇ ਬਿਨਾਂ ਸੰਤੁਸ਼ਟ ਨਹੀਂ ਹੋ ਸਕਦੇ।

ਪਰ ਜੀ ਅਸਲ ਗੱਲ ਇਹ ਹੈ ਕਿ ਸੈਂਟਰ ਇਸ ਤੋਂ ਵੱਧ ਕੁਝ ਦੇਣ ਲਈ ਤਿਆਰ ਹੀ ਨਹੀਂ ਕਿ ਆਪਣੀ ਸਰਕਾਰ ਬਣਾ ਲਓ।

? ਪੰਜਾਬ ਦੇ ਹਿੰਦੂ ਭਾਈਚਾਰੇ ਤੇ ਮੁਲਕ ਦੇ ਦੂਜੇ ਹਿੱਸਿਆਂ ਵਿਚ ਲੜ ਰਹੇ ਲੋਕਾਂ ਪ੍ਰਤੀ ਕਿਹੋ ਜਿਹੀ ਪਹੁੰਚ

ਹੋਣੀ ਚਾਹੀਦੀ ਹੈ ।

— ਇਸ ਬਾਰੇ ਮੇਰਾ ਵਿਚਾਰ ਇਹ ਹੈ ਕਿ ਸਿੱਖਾਂ ਮਸਲਾ ਅਸਲ 'ਚ ਪੰਜਾਬ ਦੀ ਅਜ਼ਾਦੀ ਦਾ ਮਸਲਾ ਹੈ। ਇਸ ਮਸਲੇ ਨੂੰ ਜੇ ਪੰਜਾਬ ਦੀ ਅਜ਼ਾਦੀ ਦੇ ਮਸਲੇ ਵਜੋਂ ਲੈ ਕੇ ਲੜਾਈ ਲੜੀ ਜਾਵੇ ਤਾਂ ਇਹ ਮੇਰੇ ਖਿਆਲ ਅਨੁਸਾਰ ਜਲਦੀ ਜਿੱਤੀ ਜਾ ਸਕਦੀ ਹੈ ਤੇ ਸੌਖੀ ਲੜੀ ਜਾ ਸਕਦੀ ਹੈ। ਕਿਉਂਕਿ ਜੇ ਪੰਜਾਬ 'ਚ ਆਰਥਕ, ਰਾਜਸੀ, ਧਾਰਮਿਕ ਤੇ ਕਲਚਰਲ ਹੱਕ ਮਿਲਣਗੇ ਤਾਂ ਇਥੇ ਰਹਿਣ ਵਾਲੇ ਹਿੰਦੂਆਂ, ਮੁਸਲਮਾਨਾਂ ਤੇ ਇਸਾਈਆਂ ਨੂੰ ਵੀ ਫ਼ਾਇਦਾ ਹੋਵੇਗਾ। ਬ੍ਰਾਹਮਣਵਾਦੀ ਰਾਜ ਅੰਦਰ ਦੂਸਰੀਆਂ ਧਾਰਮਕ ਘੱਟ ਗਿਣਤੀਆਂ ਤੇ ਨੀਵੀਆਂ ਜਾਤੀਆਂ ਤੇ ਦਲਿਤਾਂ ਨਾਲ ਵਿਤਕਰਾ ਹੁੰਦਾ ਹੈ। ਪੰਜਾਬ ਅੰਦਰ ਚਾਹੇ ਖਾਲਸਤਾਨ ਹੋਵੇ ਜਾਂ ਖਾਲਸਾ ਰਾਜ ਜਾਂ ਖੁਦਮੁਖਤਿਆਰੀ-ਸਿੱਖੀ ਸਿਧਾਂਤਾਂ ਅਨੁਸਾਰ ਸਾਰਿਆਂ ਨੂੰ ਬਰਾਬਰ ਦੇ ਹੱਕ ਮਿਲਣੇ ਚਾਹੀਦੇ ਹਨ। ਕਿਸੇ ਨਾਲ ਕੋਈ ਵਿਤਕਰਾ ਨਹੀਂ ਹੋਣਾ ਚਾਹੀਦਾ। ਜੇ ਇੰਜ ਨਾ ਹੋਇਆ ਜਾਂ ਅਸੀਂ ਇੰਝ ਨਾ ਕਰ ਸਕੇ ਤਾਂ ਸਿੱਖੀ ਤੇ ਬ੍ਰਾਹਮਣਵਾਦ ਵਿਚ ਫਰਕ ਹੀ ਕੀ ਹੋਇਆ। ਨਾਲੇ ਯੂ. ਪੀ, ਸੀ ਪੀ. ਯਾਨੀ ਹਿੰਦੀ ਬੋਲਣ ਵਾਲਿਆਂ ਤੋਂ ਬਿਨਾਂ ਸਾਰੇ ਰਾਜਾਂ ਦੇ ਲੋਕ ਵੀ ਅਜ਼ਾਦੀ ਮੰਗਦੇ ਨੇ। ਸਾਨੂੰ ਉਨ੍ਹਾਂ ਨਾਲ ਮਿਲਕੇ ਚੱਲਣਾ ਚਾਹੀਦਾ ਹੈ। ਸਾਡਾ ਸੰਘਰਸ਼ ਜ਼ੁਲਮ ਤੇ ਜਾਲਮ ਖਿਲਾਫ ਹੈ ਕਿਸੇ ਧਾਰਮਕ ਫਿਰਕੇ ਖਿਲਾਫ ਨਹੀਂ ਹੈ।

? ਪਰ ਪੰਜਾਬ ਅੰਦਰ ਜੋ ਸਧਾਰਨ ਤੇ ਬੇਦੋਸ਼ੇ ਹਿੰਦੂਆਂ ਦੇ ਕਤਲ ਹੋ ਰਹੇ ਹਨ ?

— ਇਸ ਲਈ ਐਂਟਾਇਰਲੀ (ਪੂਰੀ ਸੁਰਾਂ ਤਰ੍ਹਾਂ) ਸੈਂਟਰ ਜ਼ੁੰਮੇਵਾਰ ਹੈ। ਖਾੜਕੂ ਜਥੇਬੰਦੀਆਂ ਦੇ ਹਰ ਰੋਜ਼ ਬਿਆਨ ਆਉਂਦੇ ਨੇ ਕਿ ਅਸੀਂ ਨਿਰਦੋਸ਼ਾਂ ਦੇ ਕਤਲ ਨਹੀਂ ਕਰਦੇ।

? ਪਰ ਨਾਲ ਹੀ ਖਾੜਕੂਆਂ ਦੀਆਂ ਜ਼ਿੰਮੇਵਾਰੀਆਂ ਵੀ ਛਪਦੀਆਂ ਨੇ ?

— ਹੋ ਸਕਦੇ ਇਹ ਬਲੈਕ ਕੈਟਸ ਹੀ ਕਰਦੇ ਹੋਣ ਤੇ ਕਰਦੇ ਵੀ ਨੇ। ਪਰ ਮੇਰੇ ਵਿਚਾਰ ਅਨੁਸਾਰ ਆਮ ਹਿੰਦੂਆਂ ਦਾ ਕਤਲ ਗਲਤ ਤੇ ਮਾੜੀ ਗੱਲ ਹੈ। ਜੇ ਕੋਈ ਖਾੜਕੂ ਵੀਰ ਭੜਕਾਹਟ ਵਿਚ ਆਕੇ ਵੀ ਕਰ ਦਿੰਦਾ ਹੋਵੇ ਤਾਂ ਵੀ ਇਹ ਖਾੜਕੂਆਂ ਦੀ ਕਹਿਣੀ ਤੇ ਕਰਨੀ ਵਿਚ ਪਾੜਾ ਕਿਹਾ ਜਾ ਸਕਦਾ ਹੈ, ਜੋ ਨਹੀਂ ਹੋਣਾ ਚਾਹੀਦਾ। ਉਂਝ ਮੇਰਾ ਇਹ ਪੱਕਾ ਵਿਚਾਰ ਹੈ ਕਿ ਕੇਂਦਰ ਇਸ ਲਈ ਜ਼ੁੰਮੇਵਾਰ ਹੈ ਜਿਸਨੇ ਇਹੋ ਜਿਹੇ ਹਾਲਾਤ ਪੈਦਾ ਕੀਤੇ ਹਨ। ਨਿਰਦੋਸ਼ ਹਿੰਦੂਆਂ ਦੇ ਕਤਲ ਸਿੱਖਾਂ ਦੇ ਸੰਘਰਸ਼ ਨੂੰ ਬਦਨਾਮ ਕਰਨ ਲਈ ਤੇ ਮੁਲਕ ਭਰ ਵਿਚ ਸਾਡੇ ਖਿਲਾਫ ਨਫਰਤ ਭੜਕਾਉਣ ਲਈ ਸਰਕਾਰ ਵਰਤਦੀ ਹੈ। ਇਹ ਵਰਤਾਰਾ ਸੈਂਟਰ ਦੇ ਹਿੱਤ ਹੀ ਪੂਰਦਾ। ਅਸੀਂ ਇਸ ਨੂੰ ਗਲਤ ਸਮਝਦੇ ਹਾਂ। ਉਹ ਵੀ ਸਾਰੇ ਪੰਜਾਬ ਵਿਚ ਰਹਿੰਦੇ ਨੇ। ਅਸੀਂ ਸਾਰੇ ਹਾਂ ਤਾਂ ਪੰਜਾਬੀ ਨਾ। ਇਨ੍ਹਾਂ ਨੂੰ ਨਾਲ ਲੈਣਾ ਜ਼ਰੂਰੀ ਹੈ। ਤੇ ਉਹਨਾਂ ਨੂੰ ਵੀ ਸਿੱਖਾਂ ਦੇ ਨਾਲ ਜੁੜਨਾ ਚਾਹੀਦਾ ਹੈ।

? ਸਿੱਖਾਂ ਅੰਦਰ ਏਕਤਾ ਦੇ ਮਸਲੇ ਬਾਰੇ ਕੁਝ ਕਹਿਣਾ ਚਾਹੋਗੇ ?

— ਸਿੱਖਾਂ ਅੰਦਰ ਏਕਤਾ ਵਿਚਾਰਧਾਰਾ ਤੇ ਨਿਸ਼ਾਨੇ ਦੇ ਆਧਾਰ 'ਤੇ ਹੀ ਹੋਣੀ ਚਾਹੀਦੀ ਹੈ। ਖਾਲਸਤਾਨ ਵਾਲੇ ਤੇ ਅਨੰਦਪੁਰ ਦੇ ਮਤੇ ਵਾਲੇ ਆਪੋ-ਆਪਣੀ ਥਾਂ ਇਕੱਠੇ ਹੋ ਜਾਣ। ਅਸੀਂ ਵਿਅਕਤੀਆਂ ਦੀ ਏਕਤਾ ਵਿਚ ਵਿਸਵਾਸ਼ ਨਹੀਂ ਰੱਖਦੇ। ਵਿਅਕਤੀ ਤਾਂ ਆਉਂਦੇ ਜਾਂਦੇ ਹੀ ਰਹਿੰਦੇ ਹਨ। ਸਿਧਾਂਤਕ ਏਕਤਾ ਹੀ ਹੰਢਣਸਾਰ ਹੋ ਸਕਦੀ ਹੈ। ਅਸਲ ਗੱਲ ਲੋਕਾਂ ਨੂੰ ਨਾਲ ਲੈਣ ਦੀ ਹੈ, ਸੰਘਰਸ਼ ਕਰਨ ਲਈ ਏਕਤਾ ਚਾਹੀਦੀ ਹੈ। ਕੁਰਸੀ ਲਈ ਏਕਤਾ ਖਾਲਸਾ ਪੰਥ ਦਾ ਕੁਝ ਨਹੀਂ ਸੁਆਰ ਸਕਦੀ।

? ਪੰਜਾਬ ਦੇ ਲੋਕਾਂ ਨੂੰ ਕੋਈ ਸੁਨੇਹਾ ਦੇਣਾ ਚਾਹੋਗੇ।

— ਹਾਂ-ਅਸੀਂ ਹਰ ਰੋਜ਼ ਹੀ ਇਹੀ ਕਹਿੰਦੇ ਹਾਂ ਕਿ ਸਰਕਾਰ ਦੇ ਜ਼ੁਲਮ ਦੇ ਖਿਲਾਫ ਤੇ ਪੰਜਾਬ ਦੀ ਅਜ਼ਾਦੀ ਦੇ ਸੰਘਰਸ਼ ਲਈ ਸਮੁੱਚੇ ਸਿੱਖ ਪੰਥ ਤੇ ਬਾਕੀ ਪੰਜਾਬੀ ਭਰਾਵਾਂ ਨੂੰ ਇਕਮੁੱਠ ਹੋ ਕੇ ਲੜਨ ਦੀ ਲੋੜ ਹੈ।

---

ਭਾਈ ਬੇਅੰਤ ਸਿੰਘ ਤੇ ਭਾਈ ਸਤਵੰਤ ਸਿੰਘ ਨੇ ਇੰਦਰਾ ਗਾਂਧੀ ਨੂੰ ਗੋਲੀਆਂ ਦਾ ਨਿਸ਼ਾਨਾ ਬਣਾ ਕੇ ਕੋਈ ਪਾਪ ਜਾਂ ਗੁਨਾਹ ਨਹੀਂ ਕੀਤਾ। ਉਹਨਾਂ ਨੇ ਇਹ ਕਾਰਨਾਮਾ ਇੰਦਰਾ ਗਾਂਧੀ ਦੇ ਜ਼ੁਲਮਾਂ ਤੇ ਪਾਪਾਂ ਤੋਂ ਸਤਕੇ ਗੁੱਸੇ ਤੇ ਬਦਲੇ ਦੀ ਉਸੇ ਭਾਵਨਾ ਤਹਿਤ ਕੀਤਾ ਜਿਸ ਭਾਵਨਾ ਨੇ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੂੰ ਮੱਸੇ ਰੰਘੜ ਦਾ ਸਿਰ ਵੱਢ ਲਿਆਉਣ, ਸ਼ਹੀਦ ਊਧਮ ਸਿੰਘ ਨੂੰ ਓਡਵਾਇਰ 'ਤੇ ਗੋਲੀ ਦੀ ਸ਼ਿਸ਼ਤ ਸੇਧਣ, ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਸਾਂਡਰਸ ਦੀ ਦੇਹ ਛੱਲਣੀ ਕਰ ਸੁੱਟਣ ਤੇ ਸ਼ਹੀਦ ਮਦਨ ਲਾਲ ਢੀਂਗਰੇ ਨੂੰ ਲਾਰਡ ਕਰਜ਼ਨ ਵਿਲੀ ਨੂੰ ਫੁੰਡਣ ਲਈ ਪ੍ਰੇਰਿਤ ਕੀਤਾ ਸੀ। ਇਸ ਪੱਖੋਂ ਭਾਈ ਬੇਅੰਤ ਸਿੰਘ, ਸਤਵੰਤ ਸਿੰਘ ਤੇ ਕਿਹਰ ਸਿੰਘ ਹੁਰੀਂ ਲੋਕ ਇਨਸਾਫ ਦੀਆਂ ਨਜ਼ਰਾਂ ਵਿਚ ਨਾ ਤਾਂ 'ਹਤਿਆਰੇ' ਹਨ ਤੇ ਨਾ ਹੀ 'ਮੁਜ਼ਰਿਮ'। ਲੋਕ ਇਨਸਾਫ ਦੀਆਂ ਨਜ਼ਰਾਂ ਵਿਚ ਉਹਨਾਂ ਨੇ ਇੰਦਰਾ ਗਾਂਧੀ ਦੇ ਹਕੂਮਤੀ ਤਾਕਤ ਤੇ ਜ਼ੁਲਮ ਦੇ ਨਸ਼ੇ ਨੂੰ ਚਕਨਾਚੂਰ ਕਰਕੇ ਪੰਜਾਬੀ ਕਿਰਦਾਰ ਦੀ ਉੱਚਤਾ ਤੇ ਸੁੱਚਤਾ ਨੂੰ ਬੁਲੰਦ ਕਰਨ ਦਾ ਜੱਸ ਤੇ ਨਾਮਣਾ ਹੀ ਖੱਟਿਆ ਹੈ।

---

# ਭਾਰਤੀ ਸੰਵਿਧਾਨ : ਸੁਗਾਤ ਕਿ ਸਰਾਪ !!

ਸ: ਸਿਮਰਨਜੀਤ ਸਿੰਘ ਮਾਨ ਦੀ ਵੱਡੀ ਭੈਣ ਦਲਜੀਤ ਕੌਰ ਨੇ 'ਦੀ ਵੀਕ' ਨਾਉਂ ਦੇ ਇਕ ਅੰਗਰੇਜ਼ੀ ਹਫਤਾਵਾਰੀ ਰਸਾਲੇ ਦੇ ਨੁਮਾਇੰਦੇ ਨਾਲ ਸਿਆਸੀ ਮਸਲਿਆਂ ਸਬੰਧੀ ਗੱਲਬਾਤ (ਇੰਟਰਵਿਊ) ਕੀਤੀ ਹੈ ਜੋ ਉਸ ਰਸਾਲੇ ਦੇ ਪਹਿਲੀ ਅਕਤੂਬਰ ਦੇ ਅੰਕ ਵਿਚ ਛਪੀ ਹੈ। ਰਸਾਲੇ ਦੇ ਨੁਮਾਇੰਦੇ ਨਾਲ ਗੱਲ ਕਰਦਿਆਂ ਦਲਜੀਤ ਕੌਰ ਨੇ ਸਿਮਰਨਜੀਤ ਸਿੰਘ ਮਾਨ ਦੇ • ਭਾਰਤੀ ਸੰਵਿਧਾਨ ਸਬੰਧੀ ਵਿਚਾਰਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ :

"ਸਿਮਰਨਜੀਤ ਦਾ ਅਕਸਰ ਇਹ ਕਹਿਣਾ ਹੈ ਕਿ ਸਾਡਾ ਸੰਵਿਧਾਨ ਸਾਡੇ ਲਈ ਇਕ ਆਹਲਾ ਦਰਜੇ ਦੀ ਸੁਗਾਤ ਹੈ ਜਿਸ ਅੰਦਰ ਹਰੇਕ ਭਾਰਤੀ ਲਈ ਸਭ ਕੁਛ ਮੌਜੂਦ ਹੈ। ਮੇਰਾ ਨਹੀਂ ਖਿਆਲ ਕਿ ਇਸ ਮੁਲਕ ਅੰਦਰ ਸਾਡੇ ਸਿਮਰਨਜੀਤ ਨਾਲੋਂ ਸੰਵਿਧਾਨ ਦਾ ਵੱਧ ਵਫ਼ਾਦਾਰ ਕੋਈ ਹੋਰ ਹੋਵੇ।"

ਇਸ ਤੋਂ ਪਹਿਲਾਂ ਸਿਮਰਮਜੀਤ ਸਿੰਘ ਮਾਨ ਵਲੋਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਦੇ ਨਾਉਂ ਲਿਖੀ ਇਕ ਚਿੱਠੀ ਦੀਆਂ ਫੋਟੋ ਕਾਪੀਆਂ ਅਖਬਾਰਾਂ ਵਿਚ ਛੱਪ ਚੁਕੀਆਂ ਹਨ। ਉਸ ਚਿੱਠੀ ਅੰਦਰ ਵੀ ਮਾਨ ਹੋਰਾਂ ਨੇ ਭਾਰਤੀ ਸੰਵਿਧਾਨ ਪ੍ਰਤੀ ਆਪਣੀ ਵਫ਼ਾਦਾਰੀ ਦਾ ਐਲਾਨ ਕੀਤਾ ਹੈ ਕਿਉਂ ਕਿ ਇਹ ਚਿੱਠੀ ਸਿਮਰਨਜੀਤ ਸਿੰਘ ਮਾਨ ਦੇ ਦਸਤਖਤਾਂ ਹੇਠ ਜਾਰੀ ਹੋਈ ਹੈ ਅਤੇ ਉਸ ਵਲੋਂ ਅਜੇ ਤਕ ਇਸ ਚਿੱਠੀ ਦੀ ਕੋਈ ਤਰਦੀਦ ਨਹੀਂ ਕੀਤੀ ਗਈ, ਇਸ ਲਈ ਸ੍ਰੀਮਤੀ ਦਲਜੀਤ ਕੌਰ ਦੁਆਰਾ ਪੇਸ਼ ਕੀਤੇ ਗਏ ਵਿਚਾਰਾਂ ਉਤੇ ਯਕੀਨ ਕਰਨ ਦਾ ਤਗੜਾ ਅਧਾਰ ਮੌਜੂਦ ਹੈ।

ਸਿਮਰਨਜੀਤ ਸਿੰਘ ਦੇ ਇਹਨਾਂ ਵਿਚਾਰਾਂ ਨਾਲ ਨਿਸ਼ਚੇ ਹੀ ਸਿੱਖ ਜੁਝਾਰੂਆਂ ਦੇ ਵਿਸ਼ਵਾਸ ਤੇ ਭਾਵਨਾਵਾਂ ਨੂੰ ਤਕੜੀ ਠੇਸ ਪਹੁੰਚੇਗੀ ਕਿਉਂਕਿ ਜਿਹੜਾ ਸੰਵਿਧਾਨ ਭਾਰਤ ਅੰਦਰਲੀਆਂ ਹੋਰਨਾਂ ਮਜ਼ਲੂਮ ਕੌਮਾਂ ਤੇ ਘੱਟਗਿਣਤੀ ਵਰਗਾਂ ਸਮੇਤ ਸਿੱਖਾਂ ਦੀ ਗੁਲਾਮੀ ਦਾ ਸੰਦ ਬਣਿਆ ਹੋਇਆ ਹੈ, ਜਿਹੜੇ ਸੰਵਿਧਾਨ ਨੇ ਭਾਰਤ ਦੀ ਜੂਹ ਅੰਦਰ ਵਸਦੀਆਂ ਕੌਮਾਂ ਦੇ ਆਪਾ-ਨਿਰਣੇ ਦੇ ਜਨਮ-ਸਿੱਧ ਅਧਿਕਾਰ ਨੂੰ ਨਾ-ਮਨਜ਼ੂਰ ਕਰਦੇ ਹੋਏ ਭਾਰਤ ਨੂੰ ਗੁਲਾਮ ਕੌਮਾਂ ਦੇ ਇਕ ਵੱਡੇ ਕੈਦਖਾਨੇ 'ਚ ਬਦਲ ਕੇ ਰੱਖ ਦਿਤਾ ਹੋਇਆ ਹੈ, ਉਸ ਸੰਵਿਧਾਨ ਨੂੰ 'ਆਹਲਾ ਦਰਜੇ ਦੀ ਸੁਗਾਤ' ਕਹਿਣਾ ਅਣ-ਮਨੁੱਖੀ ਜਬਰ ਦੀਆਂ ਸ਼ਿਕਾਰ ਕੌਮਾਂ ਤੇ ਘਟਗਿਣਤੀਆਂ ਨਾਲ ਘਿਨਾਉਣਾ ਮਜ਼ਾਕ ਕਰਨ ਵਾਲੀ ਗੱਲ ਹੈ। ਅਸਲ ਵਿਚ ਇਸ ਭਾਰਤੀ ਸੰਵਿਧਾਨ ਨੂੰ 'ਸਾਡਾ ਸੰਵਿਧਾਨ' ਕਹਿਣਾ ਹੀ ਗਲਤ ਹੈ ਕਿਉਂਕਿ ਇਹ ਅੱਡ ਅੱਡ ਕੌਮਾਂ ਤੇ ਘੱਟ-ਗਿਣਤੀ ਵਰਗਾਂ ਦੇ ਲੋਕਾਂ ਦੀ ਮਰਜ਼ੀ ਨਾਲ ਨਹੀਂ ਸੀ ਘੜਿਆ ਗਿਆ, ਸਗੋਂ ਛਲ ਤੇ ਫਰੇਬ ਰਾਹੀਂ ਉਹਨਾਂ ਉਤੇ ਮੜ੍ਹਿਆ ਗਿਆ ਸੀ। 'ਜਨਤਕ ਪੈਗਾਮ ਦੇ ਅਕਤੂਬਰ ਅੰਕ 'ਚ ਛਾਪੀ ਗਈ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਇਕ ਦਸਤਾਵੇਜ਼ ਅੰਦਰ ਭਾਰਤੀ ਸੰਵਿਧਾਨ ਬਾਰੇ ਦਰਜ ਪੋਜ਼ੀਸ਼ਨ ਸਿਮਰਨਜੀਤ ਸਿੰਘ ਮਾਨ ਦੇ ਵਿਚਾਰਾਂ ਨੂੰ ਪੂਰੀ ਤਰ੍ਹਾਂ ਝੁਠ-ਲਾਉਂਦੀ ਹੈ। ਦਸਤਾਵੇਜ਼ ਅਨੁਸਾਰ ਸਿੱਖ ਨੁਮਾਇੰਦਿਆਂ ਦੇ ਸਖਤ ਵਿਰੋਧ, ਨਰਾਜ਼ਗੀ ਤੇ ਅਸਹਿਮਤੀ ਦੇ ਬਾਵਜੂਦ, ਉਹਨਾਂ (ਸਿੱਖਾਂ) ਉਤੇ ਜੋਰੋ ਜਬਰੀ ਇਕ ਗੈਰ-ਜਮਹੂਰੀ ਤੇ ਵਿਤਕਰੇਬਾਜ਼ ਸਵਿਧਾਨ ਮੜ੍ਹ ਦਿੱਤਾ ਗਿਆ। ਜਿਹੜਾ ਸੰਵਿਧਾਨ ਉਸਰਿਆ ਹੀ ਘੱਟ ਗਿਣਤੀਆਂ ਨਾਲ ਦਗੇ,ਫਰੇਬ ਤੇ ਬੇ-ਇਨਸਾਫੀ ਦੀਆਂ ਨੀਹਾਂ ਉਤੇ ਹੋਵੇ, ਅਤੇ ਜਿਹੜਾ ਸੰਵਿਧਾਨ, ਹਿੰਦੂ ਫਿਰਕਾਪ੍ਰਸਤ ਹਾਕਮਾਂ ਦੇ ਹੱਥਾਂ 'ਚ ਘੱਟ ਗਿਣਤੀਆਂ ਦੇ ਨਰ-ਸੰਘਾਰ ਦੀ ਇਕ :ਕਾਨੂੰਨੀ ਮੋਹਰ' ਬਣ ਕੇ ਰਹਿ ਗਿਆ ਹੋਵੇ, ਉਸ ਸੰਵਿਧਾਨ ਨੂੰ 'ਪਵਿੱਤਰ ਪੋਥੀ' ਵਜੋਂ ਨਮਸਕਾਰ ਕਰਨੀ, ਮਨੁੱਖੀ ਅਧਿਕਾਰਾਂ ਨੂੰ ਗੰਦੀ ਗਾਲ ਕੱਢਣ ਦੇ ਬਰਾਬਰ ਹੈ। ਅਸੀਂ ਇਹੋ ਜਿਹੇ ਸੰਵਿਧਾਨ ਨੂੰ ਦੂਰੋਂ ਹੀ 'ਨਮਸਕਾਰ' ਕਰਦੇ ਹਾਂ। ਜਿਹੜੇ ਸਿੱਖ ਆਗੂ, ਅੱਜ, ਉਹਨਾਂ (ਸਿੱਖਾਂ) ਉਤੇ ਫਰੇਬ ਅਤੇ ਧੱਕੇ ਨਾਲ ਥੱਪੇ ਗਏ ਇਸ ਸੰਵਿਧਾਨ ਪ੍ਰਤੀ ਹੁੱਬ-ਹੁੱਬ ਕੇ ਵਫ਼ਾਦਾਰੀ ਤੇ ਹੇਜ ਪ੍ਰਗਟਾਅ ਰਹੇ ਹਨ, ਉਹ ਭਾਰਤੀ ਹਾਕਮਾਂ ਦੇ ਘੱਟ-ਗਿਣਤੀਆਂ ਨਾਲ ਕੀਤ ਇਸ ਘਿਨਾਉਣੇ ਵਿਸ਼ਵਾਸਘਾਤ ਨੂੰ ਵਾਜਬ ਠਹਿਰਾਉਣ ਦੇ ਕੁਕਰਮ 'ਚ ਭਾਈਵਾਲ ਬਣ ਰਹੇ ਹਨ।" ਅਸੀਂ ਇਹ ਉਮੀਦ ਕਰਦੇ ਹਾਂ ਕਿ ਸ: ਮਾਨ ਆਪਣੇ ਵਿਚਾਰਾਂ 'ਤੇ ਮੁੜ ਗੌਰ ਕਰਨਗੇ ਅਤੇ ਉਹਨਾਂ ਦੀ ਚਿੱਠੀ ਸਦਕਾ ਪੈਦਾ ਹੋਏ ਸ਼ੰਕਿਆਂ ਨੂੰ ਨਵਿਰਤ ਕਰਨਗੇ। ਜੇਕਰ ਉਹਨਾਂ ਅਜਿਹਾ ਨਾ ਕੀਤਾ ਅਤੇ ਭਾਰਤੀ ਸੰਵਿਧਾਨ ਪ੍ਰਤੀ ਸੱਚਮੁੱਚ ਹੀ ਸ਼ਰਧਾ ਤੇ ਵਫ਼ਾਦਾਰੀ ਦਾ ਰਵੱਈਆ ਧਾਰਨ ਕਰ ਲਿਆ ਤਾਂ ਸੰਘਰਸ਼-ਸ਼ੀਲ ਸਿੱਖ ਤਾਕਤਾਂ ਜਿਹਨਾਂ ਨੇ ਸਿਮਰਨਜੀਤ ਸਿੰਘ ਮਾਨ ਦੀ ਕੁਰਬਾਨੀ ਦੀ ਸ਼ਲਾਘਾ ਕਰਦਿਆਂ ਉਹਨਾਂ ਨੂੰ ਪੰਥ ਦੇ 'ਨੈਲਸਨ ਮੰਡੇਲਾ' ਬਣਨਾ ਲੋਚਿਆ ਸੀ, ਉਹ ਜੁਝਾਰੂ ਤਾਕਤਾਂ ਹੁਣ ਹੋਰਨਾਂ ਤੱਤਹੀਣ ਸਿੱਖ ਆਗੂਆਂ ਸਮੇਤ ਉਹਨਾਂ ਨੂੰ ਵੀ 'ਦੂਰੋਂ ਹੀ ਨਮਸਕਾਰ' ਕਰਨ ਲਈ ਮਜਬੂਰ ਹੋ ਜਾਣਗੀਆਂ। ☩

# ਅਸੂਲ-ਪ੍ਰਸ਼ਤੀ ਦੀ ਚੱਟਾਨ-ਨੈਲਸਨ ਮੰਡੇਲਾ
## ਆਪਣੇ ਬੋਲਾਂ ਨਾਲ ਵਫਾ ਨਿਭਾਉਣ ਦਾ ਨਾਂ ਹੈ
## —ਨੈਲਸਨ ਮੰਡੇਲਾ

ਅੱਜ ਸ਼ਾਇਦ ਹੀ ਅਜਿਹਾ ਕੋਈ ਵਿਅਕਤੀ ਹੋਵੇਗਾ ਜਿਸ ਨੇ ਨੈਲਸਨ ਮੰਡੇਲਾ ਦਾ ਨਾਉਂ ਨਾ ਸੁਣਿਆ ਹੋਵੇ। ਅਜ਼ਾਦੀ ਲਈ ਜੂਝ ਰਹੇ ਲੋਕਾਂ ਲਈ ਉਹ ਵਿਸ਼ੇਸ਼ ਕਰਕੇ ਸ਼ਰਧਾ ਦੀ ਤਸਵੀਰ ਤੇ ਪ੍ਰੇਰਨਾ ਦਾ ਪ੍ਰਤੀਕ ਬਣਿਆ ਹੋਇਆ ਹੈ। ਜਿਥੇ ਕਿਤੇ ਵੀ ਦੁਨੀਆਂ ਦੇ ਕਿਸੇ ਵੀ ਦੇਸ਼ ਤੇ ਨੁਕਰ ਅੰਦਰ ਲੋਕੀਂ ਜ਼ੁਲਮ ਤੇ ਧੱਕੇਸ਼ਾਹੀ ਵਿਰੁਧ ਜੂਝ ਰਹੇ ਹਨ, ਨੈਲਸਨ ਮੰਡੇਲਾ ਹਰ ਜਗਾਹ ਮੌਜੂਦ ਹੈ, ਲੋਕਾਂ ਦੀਆਂ ਸਧਰਾਂ, ਉਹਨਾਂ ਦੀ ਕਲ-ਪਨਾ ਤੇ ਉਹਨਾਂ ਦੇ ਦਿਲਾਂ ਅੰਦਰ!

ਅੱਜ ਤੋਂ ਪੰਜ ਸੱਤ ਸਾਲ ਪਹਿਲਾਂ ਪੰਜਾਬ ਅੰਦਰ ਨੈਲਸਨ ਮੰਡੇਲਾ ਦੀ ਕੋਈ ਬਹੁਤੀ ਚਰਚਾ ਨਹੀਂ ਸੀ। ਸਿਰਫ ਸਿਆਸੀ ਤੌਰ 'ਤੇ ਜਾਗਰੂਕ ਹਲਕਿਆਂ, ਅਤੇ ਉਹ ਵੀ ਜ਼ਿਆਦਾ ਕਰਕੇ ਅਗਾਂਹਵਧੂ ਹਲਕਿਆਂ ਅੰਦਰ ਹੀ ਉਸ ਦਾ ਜ਼ਿਕਰ ਹੁੰਦਾ ਸੀ। ਆਮ ਲੋਕਾਂ ਨੂੰ ਉਸਦੇ ਨਾਉਂ ਤਕ ਦਾ ਪਤਾ ਨਹੀਂ ਸੀ।

ਪਰ ਜਦ ਤੋਂ ਪੰਜਾਬ ਅੰਦਰ ਕੇਂਦਰੀ ਹਾਕਮਾਂ ਵਿਰੁੱਧ ਸੰਘਰਸ਼ ਦਾ ਮੈਦਾਨ ਗਰਮ ਹੋਇਆ ਹੈ ਅਤੇ ਸਿਖਾਂ ਉਤੇ ਕੇਂਦਰੀ ਹਾਕਮਾਂ ਦੇ ਅਣਮਨੁੱਖੀ ਜ਼ੁਲਮਾਂ ਦਾ ਝੱਖੜ ਝੁਲਣਾ ਸ਼ੁਰੂ ਹੋਇਆ ਹੈ ਅਤੇ ਖਾਸ ਕਰਕੇ ਜਦ ਤੋਂ ਨਾਮਵਰ ਸਿੱਖ ਆਗੂਆਂ ਨੂੰ ਵਰ੍ਹਿਆਂ-ਬੱਧੀ ਜੇਲ੍ਹਾਂ 'ਚ ਡੱਕ ਕੇ ਤਸੀਹੇ ਦੇਣੇ ਸ਼ੁਰੂ ਹੋਏ ਹਨ ਤਾਂ ਆਮ ਸਿਖ ਜਨਤਾ ਅੰਦਰ ਵੀ ਨੈਲਸਨ ਮੰਡੇਲਾ ਦਾ ਨਾਉਂ ਮਕਬੂਲ ਹੋਣਾ ਸ਼ੁਰੂ ਹੋਇਆ ਹੈ ਇਥੋਂ ਤਕ ਕਿ ਕੁਝ ਸਿੱਖ ਹਲਕਿਆਂ ਨੇ ਆਪਣੀ ਆਦਤ ਮੂਜਬ. ਕਾਹਲੀ ਵੱਸ, ਆਪਣੇ ਕਿਸੇ ਇਕ ਜਾਂ ਦੂਜੇ ਲੀਡਰ ਨੂੰ 'ਪੰਥ ਦੇ ਨੈਲਸਨ ਮੰਡੇਲਾ' ਦੀਆਂ ਉਪਾਧੀਆਂ ਬਖ-ਸ਼ਣੀਆਂ ਸ਼ੁਰੂ ਕਰ ਦਿੱਤੀਆਂ ਹਨ।


### ਅਸੂਲ-ਪ੍ਰਸਤੀ ਡੀ ਚੱਟਾਨ-ਨੈਲਸਨ ਮੰਡੇਲਾ
### ਆਪਣੇ ਬੋਲਾਂ ਨਾਲ ਵਫਾ ਨਿਭਾਉਣ ਦਾ ਨਾ ਹੈ
### —ਨੈਲਸਨ ਮੰਡੇਲਾ


ਨੈਲਸਨ ਮੰਡੇਲਾ ਦਾ ਨਾਉਂ ਤਾਂ ਭਾਵੇਂ ਬਹੁਤ ਮਕ-ਬੂਲ ਹੋ ਗਿਆ ਹੈ ਪਰ ਇਸ ਦੀ ਅਸਲ ਵਜ੍ਹਾ ਤੋਂ ਬਹੁਤੇ ਲੋਕੀਂ ਤਾਂ ਸਿਰਫ ਐਨੀ ਗੱਲ ਹੀ ਜਾਣਦੇ ਹਨ ਕਿ ਉਹ ਪਿਛਲੇ 27-28 ਵਰ੍ਹਿਆਂ ਤੋਂ ਸਖਤ ਕੈਦ ਭੁਗਤ ਰਿਹਾ ਹੈ। ਕਈਆਂ ਲਈ ਮੰਡੇਲਾ ਦਾ ਐਨਾ ਲੰਮਾ ਕੈਦੀ ਜੀਵਨ ਹੀ ਉਸ ਦੀ ਸਭ ਤੋਂ ਵੱਡੀ ਕੁਰਬਾਨੀ ਤੇ ਉਸ ਦੇ ਜੀਵਨ ਦੀ ਸਭ ਤੋਂ ਉਤਮ ਘਾਲਣਾ ਹੈ ਜਿਸ ਕਰਕੇ ਉਹ ਸੰਸਾਰ ਭਰ ਦੇ ਕਰੋੜਾਂ ਲੋਕਾਂ ਦੇ ਪਿਆਰ, ਸਰਧਾ ਤੇ ਸਤਿਕਾਰ ਦਾ ਪਾਤਰ ਹੋ ਗੁਜ਼ਰਿਆ ਹੈ।

ਭਾਵੇਂ ਆਜ਼ਾਦੀ ਦੇ ਆਦਰਸ਼ ਲਈ ਆਪਣੇ ਜੀਵਨ ਦੇ ਐਨੇ ਵਰ੍ਹੇ ਜੇਲ੍ਹ ਅੰਦਰ ਗੁਜ਼ਾਰ ਦੇਣਾ ਕੋਈ ਛੋਟੀ ਗੱਲ ਨਹੀਂ। ਪਰ ਜਿਹੜੀ ਗੱਲ ਨੇ ਨੈਲਸਨ ਮੰਡੇਲਾ ਨੂੰ ਐਨਾ ਮਕਬੂਲ ਬਣਾਇਆ ਹੈ ਉਹ ਮਹਿਜ਼ ਉਸਦੀ ਕੈਦ ਦੇ ਵਰ੍ਹਿਆ ਦੀ ਗਿਣਤੀ ਨਹੀਂ, ਸਗੋਂ ਉਸ ਵਲੋਂ ਲੱਖ ਮੁਸ਼-ਕਲਾਂ ਦੇ ਬਾਵਜੂਦ ਅਸੂਲਾਂ ਦੇ ਮਾਮਲੇ 'ਚ ਦਿਖਾਈ ਕਮਾਲ ਦੀ ਦ੍ਰਿੜਤਾ ਤੇ ਅਡੋਲਤਾ ਹੈ। ਅਸਲੀ ਗੱਲ ਇਹ ਨਹੀਂ ਕਿ ਉਸਨੇ ਜੇਲ੍ਹ ਅੰਦਰ ਕਿੰਨੇ ਸਾਲ ਗੁਜ਼ਾਰ ਦਿੱਤੇ ਹਨ, ਅਸਲੀ ਗੱਲ ਇਹ ਹੈ ਕਿ ਉਸਨੇ ਇਹ ਸਾਲ ਗੁਜ਼ਾਰੇ ਕਿਸ ਮੜਕ ਤੇ ਸ਼ਾਨ ਨਾਲ ਹਨ ਅਸਲੀ ਗੱਲ ਇਹ ਨਹੀਂ ਕਿ ਉਸ ਨੇ ਜੇਲ੍ਹ ਅੰਦਰ ਕਿੰਨੀਆਂ ਔਖਾਂ ਤੇ ਤਸੀਹੇ ਝੱਲੇ ਹਨ ਅਸਲੀ ਗੱਲ ਇਹ ਹੈ ਕਿ ਉਸਨੇ ਇਹ ਔਖਾਂ ਤੇ ਤਸੀਸੇ ਝੱਲੇ ਕਿਹੜੀ ਸ਼ਾਨ ਨਾਲ ਹਨ। ਇਕਬਾਲ ਨੇ ਐਵੇਂ ਤਾਂ ਨਹੀਂ ਸੀ ਕਿਹਾ ਕਿ 'ਜਿਸ ਸ਼ਾਨ ਸੇ ਮਕਤਲ ਮੇਂ ਪਹੁੰਚੇ ਵੋਹ ਸ਼ਾਨ ਸਲਾਮਤ ਰਹਿਤੀ ਹੈ।'

ਅੱਜ ਤੋਂ ਤੀਹ ਸਾਲ ਪਹਿਲਾਂ ਨੈਲਸਨ ਮੰਡੇਲਾ ਦੱਖਣੀ ਅਫਰੀਕਾ ਦੀ ਰਾਜਧਾਨੀ ਜੋਹਨਸ-ਬਰਗ ਵਿਖੇ ਵਕਾਲਤ ਕਰਦਾ ਸੀ। ਉਹ ਅਫਰੀਕੀ ਲੋਕਾਂ ਦੀ ਕੌਮੀ ਜਥੇਬੰਦੀ-ਅਫਰੀਕੀ ਨੈਸ਼ਨਲ ਕਾਨਫਰੰਸ ਦਾ ਆਗੂ ਕਾਰਕੁੰਨ ਸੀ। ਆਪਣੇ ਦੇਸ਼ ਭਗਤ ਵਿਚਾਰਾਂ ਤੇ ਸਰਗਰਮੀਆਂ ਕਰਕੇ ਉਸ ਉਤੇ ਕਰੜੀਆਂ ਬੰਦਸ਼ਾਂ ਦੇ ਪਹਿਰੇ ਸਨ। 1961 'ਚ ਉਸ ਨੇ ਇਹਨਾਂ ਪਹਿਰਿਆਂ ਦੀ ਵਾੜ ਭੰਨ ਸੁੱਟੀ ਅਤੇ ਅਫਰੀਕੀ ਲੋਕਾ ਦੀ ਆਜ਼ਾਦੀ ਲਈ ਪਰਚਾਰ ਕਰਨ ਵਾਸਤੇ ਯੂਰਪੀ ਮੁਲਕਾ ਦਾ ਦੌਰਾ ਆਰੰਭ ਦਿਤਾ। ਕਈ ਮਹੀਨਿਆਂ ਦੀ ਪਰਚਾਰ ਮੁਹਿੰਮ ਤੋਂ ਬਾਅਦ ਉਹ ਆਪਣੇ ਵਤਨ ਮੁੜ ਆਇਆ ਅਤੇ ਰੂਪੋਸ਼ ਹੋ ਕੇ ਆਜ਼ਾਦੀ ਸੰਗਰਾਮ ਜਥੇਬੰਦ ਕਰਨਾ ਸ਼ੁਰੂ ਕਰ ਦਿਤਾ। ਤਕਰੀਬਨ ਡੇਢ ਕੁ ਸਾਲ ਦੀਆਂ ਰੂਪੋਸ਼ ਸਰਗਰਮੀਆਂ ਤੋਂ ਬਾਅਦ ਹੀ ਉਹ ਅਗਸਤ 1962

ਵਿਚ ਨਸਲਪ੍ਰਸਤ ਹਕੂਮਤ ਦੇ ਪੰਜੇ ਵਿਚ ਆ ਗਿਆ। ਸਾਲ ਭਰ ਅੰਤਾਂ ਦੇ ਤਸੀਹੇ ਦੇਣ ਤੋਂ ਬਾਅਦ ਅਕਤੂਬਰ 1963 ਵਿਚ ਉਸ ਵਿਰੁੱਧ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋਈ। ਨੈਲਸਨ ਮੰਡੇਲਾ ਨੇ ਆਪਣੀ ਚਮੜੀ ਬਚਾਉਣ ਦੀ ਬਜਾਇ ਮੁਕੱਦਮੇ ਨੂੰ ਆਪਣੇ ਵਿਚਾਰਾਂ ਦੇ ਪਰਚਾਰ ਲਈ ਇਕ ਅਸਰਦਾਰ ਥੜੇ ਵਜੋਂ ਵਰਤਿਆ। ਉਸ ਨੇ ਅਦਾਲਤ ਅੰਦਰ 4 ਘੰਟੇ ਗਰਜਵਾਂ ਭਾਸ਼ਣ ਦਿਤਾ। ਆਪਣੇ ਉਦੇਸ਼ ਤੇ ਨਿਸ਼ਾਨਿਆਂ ਨੂੰ ਧੜੱਲੇ ਨਾਲ ਬਿਆਨਿਆਂ। ਉਸ ਨੇ ਇਹ ਗੱਲ ਸਪਸ਼ਟ ਤੌਰ 'ਤੇ ਆਖੀ ਅਤੇ ਜੱਜਾਂ ਦੇ ਮੂੰਹ 'ਤੇ ਆਖੀ ਕਿ ਉਹ ਨਸਲਪ੍ਰਸਤ ਰਾਜ ਦਾ ਖਾਤਮਾ ਚਾਹੁੰਦਾ ਹੈ ਅਤੇ ਇਸ ਮਕਸਦ ਲਈ ਜੇਕਰ ਉਸ ਨੂੰ ਮਰਨਾ ਵੀ ਪਵੇ ਤਾਂ ਉਹ ਤਿਆਰ ਹੈ।

ਇਹ ਗੱਲ ਨੈਲਸਨ ਮੰਡੇਲਾ ਨੇ ਫੋਕੀ ਸ਼ੁਹਰਤ ਖੱਟਣ ਲਈ ਨਹੀਂ ਸੀ ਆਖੀ। ਇਹ ਬੋਲ ਉਸਦੀ ਆਤਮਾ ਅੰਦਰੋਂ ਗੂੰਜੇ ਸਨ ਅਤੇ ਉਹ ਇਹਨਾਂ ਬੋਲਾਂ ਨਾਲ ਹੁਣ ਤਕ ਉਹ ਵਫਾ ਨਿਭਾਉਂਦਾ ਤੁਰਿਆ ਆ ਰਿਹਾ ਹੈ।

ਜੇਲ ਅੰਦਰ ਉਸ ਨੂੰ ਅੰਤਾਂ ਦੇ ਤਸੀਹੇ ਦਿੱਤੇ ਗਏ। ਕਈ ਸਾਲ ਰੌਬਨ ਜਜ਼ੀਰੇ (ਕਾਲੇ ਪਾਣੀ) ਅੰਦਰ, ਆਪਣੇ ਲੋਕਾਂ ਤੋਂ ਦੂਰ, ਇਕੱਲੇਪੁਣੇ ਦੀ ਕੈਦ ਅੰਦਰ ਰਖਿਆ। ਜਦ ਨਸਲਪ੍ਰਸਤ ਹਾਕਮਾਂ ਦੇ ਜਬਰ ਦੇ ਹਥਿਆਰ ਖੁੰਢੇ ਹੋ ਗਏ ਤਾਂ ਉਹਨਾਂ ਨੈਲਸਨ ਮੰਡੇਲਾਂ ਨੂੰ ਸਿਦਕ ਤੋਂ ਡੁਲਾਉਣ ਲਈ ਉਸ ਸਾਹਮਣੇ ਸਮਝੌਤੇ ਦੀਆ ਪੇਸ਼ਕਸ਼ਾਂ ਪਰੋਸਣੀਆਂ ਸ਼ੁਰੂ ਕਰ ਦਿੱਤੀਆ। ਸਾਲਾਂ ਦੇ ਸਾਲ ਗੁਜਰਦੇ ਗਏ। ਨੈਲਸਨ ਮੰਡੇਲਾ ਦੀ ਸਾਰੀ ਜੁਆਨੀ ਜੇਲ੍ਹ ਅੰਦਰ ਬੀਤ ਗਈ ਉਸਦੇ ਜੀਵਨ ਦੇ ਪਰਛਾਵੇਂ ਢਲਣੇ ਸ਼ੁਰੂ ਹੋ ਗਏ। ਪਰ ਉਸਦੇ ਸਿਦਕ ਨੇ ਹਾਰ ਨਾ ਮੰਨੀ। ਅਖੀਰ ਹਾਕਮਾਂ ਨੇ ਉਸ ਦੀ ਰਿਹਾਈ ਲਈ ਇਕੋ ਸ਼ਰਤ (ਜੀਹਨੂੰ ਉਹ ''ਮਮੂਲੀ ਜਿਹੀ'' ਸ਼ਰਤ ਕਹਿੰਦੇ ਸਨ) ਰੱਖ ਦਿੱਤੀ। ਸ਼ਰਤ ਇਹ ਸੀ ਕਿ ਜੇਕਰ ਉਹ ਹਿੰਸਾ ਦੇ ਰਾਹ ਵਿਰੁੱਧ ਲਿਖਤੀਨਾਮਾ ਦੇ ਦੇਵੇ ਤਾ ਉਸਨੂੰ ਫੌਰਨ ਰਿਹਾ ਕਰ ਦਿੱਤਾ ਜਾਵੇਗਾ। ਜੇਕਰ ਨੈਲਸਨ ਮੰਡੇਲਾ ਨੂੰ ਆਪਣੇ ਅਸੂਲਾਂ ਨਾਲੋਂ ਆਪਣੀ ਰਿਹਾਈ ਵੱਧ ਪਿਆਰੀ ਹੁੰਦੀ ਤਾਂ ਇਕੋ ਸਤਰ ਲਿਖਕੇ ਲੰਮੀ ਕੈਦ ਤੋਂ ਮੁਕਤ ਹੋ ਸਕਦਾ ਸੀ ਅਤੇ ਆਪਣੇ ਉਸ ਲਿਖਤੀ-ਨਾਮੇ ਨੂੰ ''ਇਕ ਦਾਅਪੇਚ' ਕਹਿਕੇ ਆਪਣੀ ਜ਼ਮੀਰ ਤੇ ਆਪਣੇ ਲੋਕਾਂ ਨਾਲ ਧੋਖੇ ਭਰੀ ਚਾਲ ਖੇਡ੍ਹ ਸਕਦਾ ਸੀ। ਪਰ ਮੰਡੇਲਾ ਨੂੰ ਆਪਣੇ ਆਪ ਨਾਲ ਤੇ ਆਪਣੇ ਲੋਕਾਂ ਨਾਲ ਅਜਿਹਾ ਧੋਖਾ ਮਨਜ਼ੂਰ ਨਹੀਂ ਸੀ। ਇਸ ਲਈ, ਉਸਨੇ ਸਰਕਾਰ ਦੀ ਇਸ ਪੇਸ਼ਕਸ਼ ਦਾ ਖੁਲੇਆਮ ਜੁਆਬ ਦੇਣ ਲਈ ਆਪਣੀ ਧੀ ਦੇ ਹੱਥ ਇਕ ਸੰਦੇਸ਼ ਭੇਜਿਆ (ਜਿਹੜਾ ਕਿ ਹਜ਼ਾਰਾਂ ਲੋਕਾਂ ਦੇ 'ਕੱਠ 'ਚ ਪੜ੍ਹਕੇ ਸੁਣਾਇਆ ਗਿਆ) ਕਿ, "**ਇਸ ਮੌਕੇ, ਜਦ ਮੈਂ ਅਤੇ ਤੁਸੀਂ ਲੋਕ ਅਜ਼ਾਦ ਨਹੀਂ ਹ ਤਾਂ ਮੈਂ ਅਜਿਹਾ ਕੋਈ ਲਿਖਤੀਨਾਮਾ ਨਹੀਂ ਦੇਵਾਂਗਾ, ਨਹੀਂ ਦੇਵਾਂਗਾ।**"

ਜ਼ਰਾ ਸੋਚੋ, ਅਜਿਹਾ ਅਡੋਲ ਪੈਂਤੜਾ ਕਿੰਨੇ ਕੁ ਲੋਕ ਲੈ ਸਕਦੇ ਹਨ। ਨੈਲਸਨ ਮੰਡੇਲਾ ਬਜ਼ਾਤੇ ਖੁਦ ਹਿੰਸਾ ਦਾ ਹਾਮੀ ਨਹੀਂ। ਉਹ ਨਰਮ ਵਿਚਾਰਧਾਰਾ ਵਾਲਾ ਵਿਅਕਤੀ ਹੈ। ਪਰ ਨਰਮ ਵਿਚਾਰਧਾਰਾ ਦੇ ਬਾਵਜੂਦ ਉਹ ਵਿਕਾਊ ਮਾਲ ਨਹੀਂ। ਉਹ ਸਿਰੜੀ ਹੈ, ਸੂਰਮਾ ਹੈ, ਅਤੇ ਸਭ ਤੋਂ ਵੱਡੀ ਗੱਲ ਇਹ ਕਿ ਉਹ ਈਮਾਨਦਾਰ ਹੈ—ਆਪਣੇ ਪ੍ਰਤੀ ਵੀ ਆਪਣੇ ਲੋਕਾਂ ਪ੍ਰਤੀ ਵੀ। ਉਸਨੂੰ ਝੂਠ ਤੇ ਦੋਗਲੇਪਣ ਨਾਲ ਅੰਤਾਂ ਦੀ ਨਫ਼ਰਤ ਹੈ। ਇਸ ਕਰਕੇ ਉਹ ਆਪਣੇ ਅਸੂਲਾਂ ਦੀ ਬਲੀ ਦੇਣ ਨੂੰ ''ਦਾਅਪੇਚ'' ਦਾ ਨਾਉਂ ਨਹੀਂ ਦਿੰਦਾ ਅਤੇ ਆਪਣੀ ਰਿਹਾਈ ਬਦਲੇ ਕੋਈ ਵੀ ਲਿਖਤੀ-ਨਾਮਾ ਦੇਣ ਨੂੰ ਉਹ ਆਪਣੇ ਅਸੂਲਾਂ ਦੀ ਬਲੀ ਤੇ ਆਪਣੀ ਜ਼ਮੀਰ ਦਾ ਘਾਤ ਸਮਝਦਾ ਹੈ। ਇਹ ਗੱਲ ਹੈ ਜਿਸਨੇ ਉਸ ਨੂੰ **ਨੈਲਸਨ ਮੰਡੇਲਾ** ਬਣਾਇਆ ਹੈ ਆਪਣੇ ਆਦਰਸ਼ਾਂ ਤੇ ਅਸੂਲਾਂ ਲਈ ਆਪਣੇ ਜੀਵਨ ਦੀ ਸਾਰੀ ਦੁਪਹਿਰ ਨੂੰ ਜੇਲ੍ਹਾਂ ਅੰਦਰ ਗੁਜ਼ਾਰ ਦੇਣ ਵਾਲਾ ਅਤੇ ਰਿਹਾਈ ਲਈ ਅਸੂਲਾਂ ਦੀ ਕੀਮਤ-ਵਸੂਲੀ ਦੀ ਮੰਗ ਕਰਨ ਵਾਲੇ ਨਸਲ-ਪ੍ਰਸਤ ਹਾਕਮਾਂ ਦੇ ਮੂੰਹ 'ਤੇ ਹਕਾਰਤ ਨਾਲ ਥੁੱਕਣ ਵਾਲਾ ਸੂਰਬੀਰ ਨੈਲਸਨ ਮੰਡੇਲਾ!

ਕਿਰਦਾਰ ਦੀ ਇਸ ਸੁਚੱਤਾ ਤੇ ਬੁਲੰਦੀ ਕਾਰਨ ਨੈਲਸਨ ਮੰਡੇਲਾ ਅਜਿਹੀ ਪਰਤਾਪੀ ਸ਼ਖਸੀਅਤ ਦਾ ਮਾਲਕ ਬਣ ਗਿਆ ਹੈ ਕਿ ਜਦ ਲਾਰਡ ਬੈਟਲ (ਬਰਤਾਨੀਆ ਦਾ ਮਨੁਖੀ ਅਧਿਕਾਰਾਂ ਲਈ ਲੜਨ ਵਾਲਾ ਇਕ ਪ੍ਰਸਿੱਧ ਘੁਲਾ-ਟੀਆ) ਚਾਰ ਕੁ ਸਾਲ ਪਹਿਲਾਂ ਉਸ ਨਾਲ ਜੇਲ੍ਹ 'ਚ ਮਿਲਣੀ ਕਰਕੇ ਪਰਤਿਆ ਤਾਂ ਉਸਨੇ ਇਸ ਲੋਕ-ਸੂਰਮੇ ਪ੍ਰਤੀ ਆਪਣੀ ਸ਼ਰਧਾ ਪ੍ਰਗਟ ਕਰਦੇ ਹੋਏ ਕਿਹਾ, ਜੇਲ੍ਹ ਅੰਦਰ ਉਹ ਕੈਦੀ ਨਹੀਂ ਲਗਦਾ, ਜੇਲ੍ਹ ਦਾ ਬਾਦਸ਼ਾਹ ਲਗਦੈ।''

ਨੈਲਸਨ ਮੰਡੇਲਾ ਬਣਨ ਦੀ ਇੱਛਾ ਰੱਖਣੀ ਮਾੜੀ ਗੱਲ ਨਹੀਂ। ਪਰ ਨੈਲਸਨ ਮੰਡੇਲਾ ਕਹਾਉਣ ਲਈ ਨੈਲ-ਸਨ ਮੰਡੇਲਾ ਬਣਨਾ ਪੈਣਾ ਹੈ। ਨੈਲਸਨ ਮੰਡੇਲਾ ਬਣਨ ਲਈ ਜੇਲ੍ਹ ਅੰਦਰ ਤਸੀਹੇ ਝੱਲਣਾ ਜਾਂ ਕੈਦ ਦੇ ਸਾਲਾਂ ਦੀ ਗਿਣਤੀ ਕਰਨਾ ਹੀ ਕਾਫੀ ਨਹੀਂ। ਨੈਲਸਨ ਮੰਡੇਲਾ ਬਣਨ ਲਈ ਉਹ ਸ਼ਾਨ ਤੇ ਮੜ੍ਹਕ ਜ਼ਰੂਰੀ ਹੈ। ਨੈਲਸਨ ਮੰਡੇਲਾ ਬਣਨ ਲਈ ਜ਼ੁਲਮ ਦੇ ਝੱਖੜਾਂ ਮੂਹਰੇ ਵੀ ਅਸੂਲਾਂ ਦੇ ਝੰਡੇ ਨੂੰ ਬੁਲੰਦ ਰੱਖਣਾ ਜ਼ਰੂਰੀ ਹੈ। ਦੁਸ਼ਮਣ ਕੋਲੋਂ ਰਿਆਇਤ ਹਾਸਲ ਕਰਨ ਲਈ ਜੋ ਮਰਜ਼ੀ ਲਿਖਕੇ ਦੇ ਦੇਣਾ (ਭਾਰਤ ਦੇ ਸਰਬੱਤ-ਦੋਖੀ ਸੰਵਿਧਾਨ ਤੇ ਇਸਦੀ ਏਕਤਾ ਤੇ ਅਖੰਡਤਾ ਦੇ ਸੋਹਲੇ ਗਾਉਣ ਲੱਗ ਪੈਣਾ ਅਤੇ 'ਅੱਤਵਾਦ' ਤੇ 'ਵੱਖਵਾਦ' ਵਰੁਧ ਵਾਂਗਾਂ ਦੇਣ ਲੱਗ ਪੈਣਾ) ਅਤੇ ਇਸ ਨੂੰ ''ਦਾਅਪੇਚ'' ਜਾਂ ਕੁੱਝ ਹੋਰ ਕਹਿਣਾ, ਨੈਲਸਨ ਮੰਡੇਲਾ ਦਾ ਦਸਤੂਰ ਨਹੀਂ।

## ਬਾਬਰੀ ਮਸਜਿਦ ਬਨਾਮ ਰਾਮ ਜਨਮ ਭੂਮੀ

# ਫਿਰਕੂ ਬਾਰੂਦ ਦੇ ਢੇਰ 'ਤੇ ਬੈਠਾ ਦੇਸ਼

ਇੰਦਰਾਂ ਗਾਂਧੀ ਵਲੋਂ ਲਾਈ ਅਤੇ ਰਾਜੀਵ ਹਕੂਮਤ ਵਲੋਂ ਭੜਕਾਈ ਹਿੰਦੂ ਜਨੂੰਨ ਦੀ ਅੱਗ ਦੀਆਂ ਲਪਟਾਂ ਨੇ ਸਾਰੇ ਦੇਸ਼ ਨੂੰ ਆਪਣੀ ਲਪੇਟ ਵਿਚ ਲੈਣਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਦੋ ਮਹੀਨਿਆ ਤੋਂ ਸ਼ਾਇਦ ਹੀ ਅਜਿਹਾ ਕੋਈ ਦਿਨ ਲੰਘਿਆ ਹੋਵੇ ਜਿਸ ਦਿਨ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਰਾਜਿਸਥਾਨ ਜਾ ਗੁਜਰਾਤ ਵਿਚ ਕਿਸੇ ਨਾ ਕਿਸੇ ਥਾਂ 'ਫਿਰਕੂ ਦੰਗਿਆਂ, ਕਰਕੇ ਕਰਫਿਊ ਨਾ ਲੱਗਾ ਹੋਵੇ। ਕਈ ਥਾਂਵਾ 'ਤੇ ਇਹਨਾਂ ਦੰਗਿਆ ਦਾ ਰੂਪ ਫਿਰਕੂ ਹੈ ਪਰ ਬਹੁਤੀਆਂ ਥਾਂਵਾਂ ਉਤੇ ਇਹ ਨੰਗਾ ਚਿੱਟਾ ਮੁਸਲਮਾਨਾਂ ਦੇ ਕਤਲੇਆਮ ਦਾ ਰੂਪ ਹੀ ਧਾਰ ਲੈਂਦੇ ਹਨ। ਰਾਜੀਵ ਹਕੂਮਤ ਨੇ ਹਿੰਦੂ ਜਨੂੰਨ ਨੂੰ ਹੱਲਾਸ਼ੇਰੀ ਦੇ ਕੇ ਅੱਜ ਦੇਸ ਨੂੰ ਜਿਸ ਕਗਾਰ ਉਤੇ ਲਿਆ ਖੜਾ ਕੀਤਾ ਹੈ ਉਸਨੂੰ ਸੋਚ ਕੇ ਹਰ ਸੋਚਵਾਨ ਮਨੁੱਖ ਦਾ ਦਿਲ ਦਹਿਲ ਜਾਂਦਾ ਹੈ। ਜਿਹੜੀ ਭਵਿੱਖ ਬਾਣੀ ਕਾਮਰੇਡ ਅਜਮੇਰ ਸਿੰਘ ਨੇ ਆਪਣੇ ਫਾਸ਼ੀਵਾਦ ਦੇ ਲੇਖ ਵਿਚ ਅਜ ਤੋਂ ਤਿੰਨ ਸਾਲ ਪਹਿਲਾਂ ਕੀਤੀ ਸੀ ਉਹ ਅੱਖਰ-ਅੱਖਰ ਸੱਚ ਹੁੰਦੀ ਭਾਸ ਰਹੀ ਹੈ। ਅੱਜ ਹਿੰਦੂ ਜਨੂੰਨ ਦੇ ਦੈਂਤ ਨੇ ਸਾਰੇ ਦੇਸ਼ ਦੀ ਫਿਰਕੂ ਸਥਿਤੀ ਇਉਂ ਬਣਾ ਦਿੱਤੀ ਹੈ ਕਿ ਜਿਵੇਂ ਸਾਰਾ ਦੇਸ਼ ਬਾਰੂਦ ਦੇ ਢੇਰ 'ਤੇ ਬੈਠਾ ਹੋਵੇ ਤੇ ਕਿਤੇ ਨਿਕੀ ਜਿਹੀ ਚਿਣਗ ਇਸ ਬਾਰੂਦ ਨੂੰ ਧਮਾਕੇ ਵਿਚ ਬਦਲ ਸਕਦੀ ਹੈ।

> "ਜੋ ਆਉਣ ਵਾਲੇ ਸਮੇਂ 'ਚ ਭਾਰਤੀ ਹਾਕਮਾਂ ਵੱਲੋਂ ਇਹ ਦੋਨੋਂ ਅਮਲ ਨਾਲੋਂ ਨਾਲ ਚਲਦੇ ਰਹਿਣਗੇ. ਘੱਟ-ਗਿਣਤੀਆਂ ਦੇ ਕੁਝ ਧਨਾਢ ਹਿੱਸਿਆਂ ਨੂੰ ਆਪਣੇ ਨਾਲ ਰਲਾਉਣ ਤੇ ਹੋਰਨਾਂ ਨੂੰ ਭੁਚਲਾਉਣ ਤੇ ਫੁਸਲਾਉਣ ਦੇ ਉਪਰਾਲੇ ਵੀ ਹੁੰਦੇ ਰਹਿਣਗੇ, ਅਤੇ ਅੰਤ ਨੂੰ, ਨਾਜ਼ੀਵਾਦੀ ਲੀਹਾਂ ਉਤੇ, ਘੱਟ-ਗਿਣਤੀ ਵਰਗਾਂ ਦੇ ਕਿਤੇ ਵੱਧ ਭਿਆਨਕ ਕਤਲੇਆਮਾਂ ਦੀਆਂ ਤਿਆਰੀਆਂ ਵੀ ਚਲਦੀਆਂ ਰਹਿਣਗੀਆਂ ਮੌਜੂਦਾ ਰੁਝਾਨ ਨੂੰ ਦੇਖਦਿਆਂ, ਹਿੰਦੂ ਹੰਕਾਰਵਾਦ ਦੇ ਇਸ ਕਹਿਰ ਦੀ ਮੁੱਖ ਧਾਰ, ਬਹੁਤਾ ਕਰਕੇ ਮੁਸਲਿਮ ਵਰਗ ਵੱਲ ਹੀ ਸੇਧਤ ਰੱਖੀ ਜਾਵੇਗੀ, ਅਤੇ ਹਾਕਮ ਵਰਗ ਦੇ ਕੁਝ ਹਿੱਸਿਆਂ ਵੱਲੋਂ ਸਿੱਖਾਂ ਨੂੰ ਪਲੋਸਣ ਦੀ ਜ਼ੋਰਦਾਰ ਵਕਾਲਤ ਕੀਤੀ ਜਾਵੇਗੀ। ਪਰ ਘੱਟ-ਗਿਣਤੀਆਂ ਵਿਰੁੱਧ ਵਿਛਾਈਆਂ ਫਿਰਕੂ ਨਫਰਤ ਤੇ ਦੁਸ਼ਮਣੀ ਦੀਆਂ 'ਬਰੂਦੀ ਸੁਰੰਗਾਂ' ਕਿਸੇ ਵੀ ਮੋੜ, ਕਿਸੇ ਵੀ ਘੱਟ-ਗਿਣਤੀ ਵਰਗ ਦੀਆਂ ਲਾਸ਼ਾਂ ਦੇ 'ਸੱਥਰ ਵਿਛਾ ਸਕਦੀਆਂ ਹਨ।"
>
> (ਕਾ: ਅਜਮੇਰ ਸਿੰਘ ਦੇ ਇਕ ਲੰਬੇ ਲੇਖ 'ਭਾਰਤ ਅੰਦਰ ਫਾਸ਼ੀਵਾਦ ਦੇ ਰੂਪ ਚੋਂ')

### ਬੰਦਾਯੂ ਦਾ ਕਤਲੇਆਮ

28 ਸਤੰਬਰ ਨੂੰ ਉੱਤਰ ਪ੍ਰਦੇਸ਼ ਦੇ ਇਕ ਕਸਬੇ ਬੰਦਾਯੂ ਵਿਚ ਜੋ ਕੁਝ ਵਾਪਰਿਆ ਰੂਹ ਦਿਲ ਦਹਿਲਾ ਦੇਣ ਵਾਲਾ ਸੀ। 27 ਸਤੰਬਰ ਨੂੰ ਭਾਰਤੀ ਜਨਤਾ ਪਾਰਟੀ ਦੇ ਸੱਦੇ 'ਤੇ ਸਨਾਤਨ ਕਾਲਜ ਦੇ ਹਿੰਦੂ ਵਿਦਿਆਰਥੀਆਂ ਨੇ ਉੱਤਰ ਪ੍ਰਦੇਸ ਸਰਕਾਰ ਵਲੋਂ ਉਰਦੂ ਨੂੰ ਰਾਜ ਦੀ ਦੂਜੀ ਭਾਸ਼ਾ ਬਣਾਏ ਜਾਣ ਦੇ ਵਿਰੋਧ ਵਿਚ ਜਲੂਸ ਕੱਢਿਆ। 28 ਸਤੰਬਰ ਨੂੰ ਇਸਲਾਮੀਆਂ ਕਾਲਜ ਦੇ ਵਿਦਿਆਰਥੀਆਂ ਨੇ ਉਰਦੂ ਦੇ ਹੱਕ ਵਿਚ ਜਲੂਸ ਕੱਢਿਆ ਅਤੇ ਉਹ ਆਪਣਾ ਜਲੂਸ ਸਨਾਤਨ ਕਾਲਜ ਵੱਲ ਲੈ ਗਏ। ਪੁਲਿਸ ਨੇ ਉਨ੍ਹਾਂ ਨੂੰ ਕਾਲਜ ਵਿਚ ਜਾਣ ਤੋਂ ਰੋਕਣ ਲਈ ਉਹਨਾਂ 'ਤੇ ਲਾਠੀ-ਚਾਰਜ ਕਰ ਦਿੱਤਾ। ਭੜਕਾਹਟ ਵਿਚ ਆ ਕੇ ਖਿੰਡ ਰਹੇ ਵਿਦਿਆਰਥੀਆਂ ਨੇ ਕੁਝ ਦੁਕਾਨਾ ਦੀ ਤੋੜ-ਫੋੜ ਕਰ ਦਿੱਤੀ ਅਤੇ ਕੁਝ ਕੁ ਨੂੰ ਅੱਗ ਲਾ ਦਿੱਤੀ। ਬਸ ਫਿਰ ਕੀ ਸੀ। ਉਸੇ ਸ਼ਾਮ ਹਿੰਦੂ ਜਨੂੰਨੀਆਂ ਨੇ ਰੇਲਵੇ ਸਟੇਸ਼ਨ ਤੋਂ ਚੱਲ ਰਹੀ ਇਕ ਗੱਡੀ ਨੂੰ ਰੋਕ ਕੇ ਬੜੀ ਬੇ-ਰਹਿਮੀ ਨਾਲ ਚੁਣ-ਚੁਣ ਕੇ 18 ਮੁਸਲਮਾਨਾਂ ਦਾ ਕਤਲ ਕਰ ਦਿੱਤਾ। ਅੱਖੀ ਦੇਖਣ ਵਾਲਿਆ ਅਨੁਸਾਰ ਬੰਦਾਯੂ ਦੀ ਇਸ ਘਟਨਾ ਨੇ ਨਵੰਬਰ 84 ਵਿਚ ਗੱਡੀਆਂ 'ਚੋਂ ਚੁਣ ਚੁਣ ਕੇ ਸਿੱਖਾ ਦਾ ਕਤਲਆਮ ਕਰਨ ਦੀ ਘਟਨਾ ਦੀ ਯਾਦ ਤਾਜਾ ਕਰ ਦਿੱਤੀ। ਇਸ ਤੋਂ ਬਿਨਾਂ ਇਨ੍ਹਾਂ ਦੰਗਿਆ 'ਚ 12 ਹੋਰ ਵਿਅਕਤੀ ਮਾਰੇ ਗਏ। ਮੁਸਲਿਮ ਆਗੂਆਂ ਤੇ ਜਮਹੂਰੀ ਹਲਕਿਆ ਅਨੁਸਾਰ ਪੁਲਿਸ ਨੇ ਮੁਸਲਮਾਨਾਂ ਦਾ ਕਤਲੇਆਮ ਕਰਨ 'ਚ ਨੰਗੇ ਚਿੱਟੇ ਰੂਪ 'ਚ ਉੱਘੜਵਾਂ ਰੋਲ ਨਿਭਾਇਆ। ਉਨ੍ਹਾਂ ਨੇ ਨਾ ਸਿਰਫ ਹਿੰਦੂ ਜਨੂੰਨੀਆਂ ਨੂੰ ਇਉਂ ਕਰਨ ਲਈ ਸ਼ਹਿ ਦਿੱਤੀ ਸਗੋਂ ਉਨ੍ਹਾਂ ਦੀ ਸਰਗਰਮ ਮਦਦ ਕੀਤੀ।

### ਰਾਮ ਸ਼ਿਲਾ ਪੂਜਨ

ਇਸ ਤੋਂ ਬਿਨਾ ਕੇਂਦਰੀ ਹਕੂਮਤ ਦੀ ਸਿੱਧੀ ਸ਼ਹਿ 'ਤੇ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਹੋਰ ਇਹੋ ਜਿਹੀਆ ਹਿੰਦੂ ਜਨੂੰਨੀ ਜਥੇਬੰਦੀਆਂ ਵਲੋਂ ਸਤੰਬਰ ਤੇ ਅਕਤੂਬਰ ਦੇ ਮਹੀਨੇ 'ਚ ਲਗਪਗ ਸਾਰੇ ਦੇਸ਼ 'ਚ ਹੀ 'ਰਾਮ ਸ਼ਿਲਾ ਪੂਜਨ' ਦਾ ਸਿਲਸਿਲਾ ਚਲਦਾ ਰਿਹਾ। ਰਾਮ ਸ਼ਿਲਾ ਪੂਜਨ ਦੇ ਇਨ੍ਹਾਂ ਪ੍ਰੋਗਰਾਮਾਂ 'ਚ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਲਾਲਕ੍ਰਿਸ਼ਨ ਅਡਵਾਨੀ ਤੋਂ ਲੈ ਕੇ ਆਰ. ਐਸ. ਐਸ. ਦੇ ਮੁੱਖੀ ਬਾਲਾ ਸਾਹਿਬ

ਦਿਓਰਸ ਤੇ ਅਨੇਕ ਉੱਘੇ ਕਾਂਗਰਸੀ ਆਗੂਆਂ ਨੇ ਸਰਗਰਮ ਸ਼ਮੂਲੀਅਤ ਕੀਤੀ। ਇਨ੍ਹਾਂ ਪ੍ਰੋਗਰਾਮਾਂ ਵਿਚ ਅਯੋਧਿਆ 'ਚ ਬਾਬਰੀ ਮਸਜਿਦ ਦੀ ਥਾਂ 'ਤੇ 'ਰਾਮ ਜਨਮ ਭੂਮੀ ਮੰਦਰ' ਬਨਾਉਣ ਲਈ ਸਾਰੇ ਦੇਸ਼ 'ਚੋਂ ਇੱਟਾਂ ਇਕੱਠੀਆਂ ਕਰਨ ਲਈ ਥਾਂ ਥਾਂ 'ਤੇ ਇਨ੍ਹਾਂ ਇੱਟਾਂ ਦੀ ਪੂਜਾ ਕੀਤੀ ਗਈ। ਇਨਾਂ ਇੱਟਾਂ ਨੂੰ ਰਾਮ ਸ਼ਿਲਾਵਾਂ ਦਾ ਨਾਂ ਦਿੱਤਾ ਗਿਆ। ਬਾਬਰੀ ਮਸਜਿਦ ਬਨਾਮ ਰਾਮ ਜਨਮ ਭੂਮੀ ਦੇ ਮਸਲੇ 'ਤੇ ਪਹਿਲਾਂ ਤੋਂ ਹੀ ਸਾਰੇ ਦੇਸ਼ 'ਚ ਮੌਜੂਦ ਫਿਰਕੂ ਵੰਡ ਨੂੰ ਰਾਮ ਸ਼ਿਲਾ ਪੂਜਨ ਦੇ ਨਾਂ 'ਤੇ ਹੋਰ ਗਹਿਰਾ ਕੀਤਾ ਗਿਆ। ਅੱਜ ਹਾਲਤ ਇਥੇ ਪਹੁੰਚਾ ਦਿੱਤੀ ਗਈ ਹੈ ਕਿ ਦੇਸ਼ ਦੇ ਕਿਸੇ ਵੀ ਹਿੱਸੇ 'ਚ ਮਾੜੀ ਜਿਹੀ ਗੱਲ 'ਤੇ ਹੀ ਫਿਰਕੂ ਦੰਗੇ ਭੜਕ ਉਠਦੇ ਹਨ ਜਿਹੜੇ ਤੁਰੰਤ ਹੀ ਮੁਸਲਮਾਨਾਂ ਦੇ ਕਤਲੇਆਮ ਦਾ ਰੂਪ ਧਾਰ ਲੈਂਦੇ ਹਨ। ਇਸਦਾ ਸਬੂਤ ਪਿਛਲੇ ਦਿਨੀਂ ਇੰਦੌਰ, ਰਤਲਾਮ, ਕੋਟਾ, ਮਹੋਅ, ਨਗੌਰ ਅਤੇ ਉੱਤਰੀ ਭਾਰਤ ਦੇ ਹੋਰਨਾਂ ਅਨੇਕਾਂ ਕਸਬਿਆਂ ਵਿਚ ਵਾਪਰੀਆਂ ਘਟਨਾਵਾਂ ਹਨ।

### ਰਾਜੀਵ ਹਕੂਮਤ ਦੀ ਸਿੱਧੀ ਸ਼ਹਿ

ਜਿਉਂ-ਜਿਉਂ ਸਮੁੱਚੇ ਦੇਸ਼ 'ਚ ਵਸਦੀਆਂ ਅੱਡ-ਅੱਡ ਕੌਮਾਂ ਦੇ ਲੋਕਾਂ ਦੇ ਮਨਾਂ 'ਚ ਕੌਮੀ ਭਾਵਨਾਵਾਂ ਜ਼ੋਰ ਫੜਦੀਆਂ ਜਾ ਰਹੀਆਂ ਹਨ ਤਿਉਂ ਤਿਉਂ ਰਾਜੀਵ ਗਾਂਧੀ ਦੀ ਹਕੂਮਤ ਹਿੰਦੂ ਜਨੂੰਨ ਨੂੰ ਭੜਕਾ ਕੇ ਇਨ੍ਹਾਂ ਕੌਮੀ ਭਾਵਨਾਵਾਂ ਨੂੰ ਗੰਧਲਾਕੇ ਅੱਡ-ਅੱਡ ਕੌਮਾਂ ਦੇ ਲੋਕਾਂ ਨੂੰ ਧਾਰਮਿਕ ਅਧਾਰ 'ਤੇ ਵੰਡਣ ਲਈ ਪੂਰਾ ਜ਼ੋਰ ਲਾ ਰਹੀ ਹੈ। ਹਿੰਦੂ ਜਨੂੰਨ ਨੂੰ ਸ਼ਹਿ ਦੇਣ ਲਈ ਖੁਦ ਰਾਜੀਵ ਗਾਂਧੀ ਸਰਗਰਮ ਰੋਲ ਨਿਭਾ ਰਿਹਾ ਹੈ। ਰਾਜੀਵ ਗਾਂਧੀ ਵਲੋਂ ਸ੍ਰੀਂਗਰੀ ਮੱਠ ਦੇ ਸ਼ੰਕਰਾਚਾਰੀਆਂ ਦੀਆਂ ਅੰਤਮ ਰਸਮਾਂ 'ਚ ਸ਼ਾਮਲ ਹੋਣਾ ਤੇ ਗਨੇਸ਼ ਚਤੁਰਥੀ 'ਤੇ ਦਿੱਲੀ ਵਿਚ ਉਸ ਵਲੋਂ ਸੋਨੀਆਂ ਗਾਂਧੀ ਸਮੇਤ ਗਨੇਸ਼ ਪੂਜਾ ਕਰਨੀ ਅਤੇ ਇਸਨੂੰ ਟੀ. ਵੀ. ਤੇ ਅਹਿਮ ਸਮਾਂ ਦੇ ਕੇ ਪਰਚਾਰਿਆ ਜਾਣਾ ਉਸਦੀ ਇਸੇ ਨੀਤੀ ਦੀ ਪ੍ਰਗਟਾਵਾ ਹਨ। ਇਸ ਤੋਂ ਬਿਨਾਂ ਉੱਤਰ ਪ੍ਰਦੇਸ਼ 'ਚ ਕਾਂਗਰਸ ਪਾਰਟੀ ਦੀ ਅਗਵਾਈ 'ਚ ਹਿੰਦੂ ਸੰਮੇਲਨਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹੋ ਜਿਹਾ ਹੀ ਇਕ ਸੰਮੇਲਨ ਚਿਤਰਕੂਟ 'ਚ ਕੀਤਾ ਗਿਆ। ਜਿਸ ਵਿਚ ਦਵਾਰਕਾ ਦਾ ਸ਼ੰਕਰਾਚਾਰੀਆਂ ਸਵਰੂਪਾ ਨੰਦ ਸਰਸਵਤੀ ਵੀ ਸ਼ਾਮਲ ਹੋਇਆ। ਇਸ ਤੋਂ ਬਿਨਾ ਟੀ. ਵੀ 'ਤੇ ਮਹਾਂਭਾਰਤ, ਰਾਮਾਇਣ ਵਿਸ਼ਵਾਮਿੱਤਰ ਤੇ ਇਹੋ ਜਿਹੇ ਹੋਰ ਅਨੇਕਾਂ ਸੰਸਕ੍ਰਿਤ ਦੇ ਡਰਾਮੇ ਵੀ ਇਹ ਜਨੂੰਨ ਨੂੰ ਭੜਕਾਉਣ 'ਚ ਆਪਣਾ ਪੂਰਾ ਰੋਲ ਨਿਭਾ ਰਹੇ ਹਨ। ਜਿਹੜੀ ਦਿੱਲੀ ਸਰਕਾਰ ਪੰਜਾਬ 'ਚ ਮਨੁੱਖੀ ਅਧਿਕਾਰ ਸੰਗਠਨ ਵਰਗੀਆ ਜਥੇਬੰਦੀਆਂ ਨੂੰ ਮਨੁੱਖੀ ਹੱਕਾਂ ਲਈ ਸ਼ਾਤਮਈ ਧਰਨੇ ਵੀ ਨਹੀਂ ਦੇਣ ਦੇਂਦੀ ਉਸੇ ਦਿੱਲੀ ਸਰਕਾਰ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਵਰਗੀਆਂ ਹਿੰਦੂ ਜਨੂੰਨੀ ਜਥੇਬੰਦੀਆਂ ਨੂੰ 'ਰਾਮ ਸ਼ਿਲਾ ਪੂਜਨ' ਦੇ ਨਾਂ 'ਤੇ ਸਾਰੇ ਦੇਸ਼ ਵਿਚ ਦਲਿਤਾਂ ਤੇ ਧਾਰਮਿਕ ਘੱਟ ਗਿਣਤੀਆਂ ਤੇ ਖਾਸ ਕਰਕੇ ਮੁਸਲਿਮ ਫਿਰਕੇ ਪ੍ਰਤੀ ਨਫਰਤ ਭੜਕਾਉਣ ਦੀ ਪੂਰੀ ਖੁੱਲ ਦੇ ਰੱਖੀ ਹੈ। ਮੁਸਲਿਮ ਭਾਈਚਾਰੇ ਦੇ ਆਗੂਆਂ ਵਲੋਂ ਬਾਰ-ਬਾਰ ਮੰਗ ਕਰਨ ਦੇ ਬਾਵਜੂਦ ਵੀ ਕੇਂਦਰੀ ਹਕੂਮਤ ਉੱਤਰ ਪ੍ਰਦੇਸ਼ ਤੇ ਹੋਰ ਰਾਜਾਂ ਦੀ ਪੁਲਿਸ ਵਿਚ ਮੁਸਲਮਾਨਾਂ ਦੀ ਵਸੋਂ ਦੇ ਅਨੁਪਾਤ ਨਾਲ ਭਰਤੀ ਯਕੀਨੀ ਨਹੀਂ ਬਣਾ ਰਹੀ। ਦਿੱਲੀ ਦਰਬਾਰ ਵਲੋਂ ਮੁਸਲਿਮ ਵਿਰੋਧੀ ਹੋਣ ਦਾ ਇਸ ਤੋਂ ਵੱਡਾ ਸਬੂਤ ਹੋਰ ਕੀ ਹੋ ਸਕਦਾ ਹੈ?

### ਜਮਹੂਰੀ ਤੇ ਇਨਸਾਫ਼ ਪਸੰਦ ਲੋਕਾਂ ਦਾ ਫਰਜ਼

ਅੱਜ ਸਮੁੱਚੇ ਦੇਸ਼ ਦੇ ਜਮਹੂਰੀ, ਇਨਸਾਫ ਪਸੰਦ ਤੇ ਇਨਕਲਾਬੀ ਲੋਕਾਂ ਦਾ ਫਰਜ਼ ਬਣਦਾ ਹੈ ਕਿ ਉਹ ਜੇ ਦੇਸ਼ ਨੂੰ ਫਿਰਕੂ ਅੱਗ ਦੀਆਂ ਲਪਟਾਂ ਵਿਚ ਝੁਲਸਣ ਤੋਂ ਬਚਾਉਣਾ ਚਾਹੁੰਦੇ ਹਨ ਤਾਂ ਉਹ ਦੇਸ਼ ਭਰ ਦੀਆਂ ਅੱਡ-ਅੱਡ ਕੌਮਾਂ ਦੇ ਸੰਘਰਸ਼ਾਂ, ਧਾਰਮਿਕ ਘੱਟ ਗਿਣਤੀਆਂ ਦੀ ਆਪਣੀ ਪਛਾਣ ਨੂੰ ਬਚਾਉਣ ਲਈ ਲੜੇ ਜਾ ਰਹੇ ਸੰਘਰਸ਼ਾਂ ਤੇ ਦਲਿਤਾਂ ਦੇ ਜਾਤ-ਪਾਤ ਵਿਰੋਧੀ ਸੰਘਰਸ਼ਾਂ ਦਾ ਡੱਟਵਾਂ ਸਾਥ ਦੇਣ ਇਨ੍ਹਾਂ ਸਾਰਿਆਂ ਸੰਘਰਸ਼ਾਂ ਨੂੰ ਇਕ ਲੜੀ ਵਿਚ ਪਰੋ ਕੇ ਰਾਜੀਵ ਦੀ ਤਾਨਾਸ਼ਾਹ ਹਕੂਮਤ ਨੂੰ ਉਲਟਾਕੇ ਇਸ ਦੀ ਥਾਂ ਸਾਰੇ ਦੇਸ਼ ਵਿਚ ਅਸਲੀ ਜਮਹੂਰੀ ਲੀਹਾਂ 'ਤੇ ਇਕ ਫੈਡਰਲ ਢਾਂਚਾ ਉਸਾਰ ਕੇ ਹੀ ਅੱਜ ਫਿਰਕੂ ਭਾਈਚਾਰਾ ਕਾਇਮ ਰਖਿਆ ਜਾ ਸਕਦਾ ਹੈ।

## ਬਾਬਰੀ ਮਸਜਿਦ ਬਾਰੇ ਤੱਥ ਕੀ ਕਹਿੰਦੇ ਹਨ

ਕੇਂਦਰੀ ਸਰਕਾਰ ਦੀ ਸ਼ਹਿ 'ਤੇ ਅਤੇ ਅਫਸਰਸ਼ਾਹੀ ਦੀ ਸਰਗਰਮ ਮਦਦ ਨਾਲ ਹਿੰਦੂ ਜਨੂੰਨੀਆਂ ਵਲੋਂ ਬਾਬਰੀ ਮਸਜਿਦ 'ਤੇ ਜਬਰੀ ਕੀਤਾ ਗਿਆ ਕਬਜ਼ਾ ਅਜੇ ਜਾਰੀ ਹੈ। ਹਿੰਦੂ ਜਨੂੰਨ 'ਤੇ ਟੇਕ ਰਖ ਰਹੀ ਕੇਂਦਰੀ ਹਕੂਮਤ ਮੁਸਲਿਮ ਭਾਈਚਾਰੇ ਨਾਲ ਇਨਸਾਫ ਕਰਨ ਤੋਂ ਇਨਕਾਰੀ ਹੈ। ਬਾਬਰੀ ਮਸਜਿਦ ਬਾਰੇ ਤੱਥ ਕੀ ਹਨ, ਅਸੀਂ ਪਾਠਕਾਂ ਦੀ ਜਾਣਕਾਰੀ ਲਈ ਹੇਠਾਂ ਦੇ ਰਹੇ ਹਾਂ।

1. ਰਾਮ ਜਨਮ ਭੂਮੀ 21 ਫੁੱਟ ਲੰਮਾ ਅਤੇ 17 ਫੁੱਟ ਚੌੜਾ ਇਕ ਚਬੂਤਰਾ ਹੈ।

2. ਇਸ ਚਬੂਤਰੇ ਤੋਂ ਲਗਪਗ 100 ਕਦਮ ਦੂਰ ਬਾਬਰ ਦੇ ਗਵਰਨਰ ਮੀਰ ਬਕੀ ਵਲੋਂ 1528 ਈ: ਵਿਚ ਬਣਵਾਈ ਗਈ ਇਕ ਮਸੀਤ ਹੈ।

3. ਇਸ ਥਾਂ 'ਤੇ ਰਾਮਚੰਦਰ ਜੀ ਦੇ ਜਨਮ ਸਥਾਨ ਬਾਰੇ ਜਾਂ ਕਿਸੇ ਮੰਦਰ ਦੀ ਹੋਂਦ ਬਾਰੇ ਕੋਈ ਇਤਿਹਾਸਕ

# ਕੰਵਰਜੀਤ ਸਿੰਘ ਤੇ ਨਿਰਮਲ ਸਿੰਘ ਦੇ ਕਤਲਾਂ ਦਾ ਜ਼ੋਰਦਾਰ ਵਿਰੋਧ ਕਰੋ

18 ਅਕਤੂਬਰ ਨੂੰ ਜਲੰਧਰ ਪੁਲਿਸ ਨੇ ਦੋ ਚੋਟੀ ਦੇ ਖਾੜਕੂ ਆਗੂਆਂ—ਭਾਈ ਕੰਵਰਜੀਤ ਸਿੰਘ ਅਤੇ ਨਿਰਮਲ ਸਿੰਘ ਨਿੰਮਾ ਨੂੰ ਜਲੰਧਰ ਦੇ ਅਰਬਨ ਅਸਟੇਟ ਦੇ ਮਨੋਹਰ ਸਿੰਘ ਧੋਹਰਾ (ਐਸ. ਡੀ. ਓ.) ਦੇ ਘਰੋਂ ਗ੍ਰਿਫਤਾਰ ਕਰਨ ਤੋਂ ਬਾਅਦ ਗੋਲੀਆਂ ਮਾਰ ਕੇ ਖਤਮ ਕਰ ਦਿਤਾ। ਪਹਿਲਾਂ ਪੁਲਸ ਨੇ ਪ੍ਰੈਸ ਨੂੰ ਇਹ ਕਹਾਣੀ ਦੱਸੀ ਕਿ ਨਿਰਮਲ ਸਿੰਘ ਨੇ ਸਾਇਨਾਇਡ ਖਾ ਕੇ ਆਤਮ ਹੱਤਿਆ ਕਰ ਲਈ ਅਤੇ ਕੰਵਰਜੀਤ ਸਿੰਘ ਪੁਲਸ ਦੀ ਜੀਪ ਵਿਚੋਂ ਦੌੜ ਗਿਆ ਅਤੇ ਦੌੜਦੇ ਹੋਏ ਨੂੰ ਗੋਲੀ ਲੱਗਣ ਨਾਲ ਉਸਦੀ ਵੀ ਮੌਤ ਹੋ ਗਈ। ਪਰ ਜਲਦੀ ਹੀ ਪੁਲਸ ਨੂੰ ਅਹਿਸਾਸ ਹੋ ਗਿਆ ਕਿ ਉਸਦੇ ਇਸ ਝੂਠ ਨੇ ਬਹੁਤ ਹੀ ਜਲਦੀ ਫੜੇ ਜਾਣਾ ਹੈ। ਕਿਉਂਕਿ ਕੰਵਰਜੀਤ ਸਿੰਘ ਤਾਂ ਉਂਝ ਹੀ ਦੌੜ ਨਹੀਂ ਸਕਦਾ ਸੀ! ਪਿਛਲੇ ਸਾਲ ਇਕ ਐਕਸ਼ਨ ਦੌਰਾਨ ਉਸਦੀ ਲੱਤ ਵਿਚ ਗੋਲੀ ਲੱਗ ਗਈ ਸੀ, ਜਿਸ ਕਾਰਨ ਉਹ ਦੌੜਨ 'ਚ ਅਸਮਰੱਥ ਹੋ ਚੁੱਕਾ ਸੀ। ਇਸ ਲਈ ਪੁਲਸ ਨੇ ਛੇਤੀ ਹੀ ਆਪਣੀ ਪਹਿਲੀ ਕਹਾਣੀ ਵਾਪਸ ਲੈ ਲਈ ਅਤੇ ਨਵੀਂ ਝੂਠੀ ਕਹਾਣੀ ਜਾਰੀ ਕਰ ਦਿੱਤੀ ਜਿਸ ਅਨੁਸਾਰ ਆਤਮ ਹੱਤਿਆ ਨਿਰਮਲ ਸਿੰਘ ਨੇ ਨਹੀਂ ਕੰਵਰਜੀਤ ਸਿੰਘ ਨੇ ਕੀਤੀ ਹੈ।

ਕੰਵਰਜੀਤ ਸਿੰਘ (22 ਸਾਲ) ਅੰਮ੍ਰਿਤਸਰ ਜ਼ਿਲੇ ਦੇ ਪਿੰਡ ਸੁਲਤਾਨਵਿੰਡ ਅਤੇ ਨਿਰਮਲ ਸਿੰਘ ਇਸੇ ਹੀ ਜ਼ਿਲੇ ਦੇ ਪਿੰਡ ਮੀਆਂਵਿੰਡ ਦਾ ਜੰਮਪਲ ਸੀ। ਦੋਵੇਂ ਖਾਲਿਸਤਾਨ ਕਮਾਂਡੋ ਫੋਰਸ ਦੇ ਕਰਮਵਾਰ 'ਜਨਰਲ' ਅਤੇ 'ਲੈਫ: ਜਨਰਲ' ਸਨ। ਪਰ ਅਸਲ ਮਹੱਤਵਪੂਰਨ ਗੱਲ ਉਹਨਾਂ ਦਾ 'ਜਨਰਲ' ਜਾਂ 'ਲੈਫ: ਜਨਰਲ' ਹੋਣਾ ਨਹੀਂ ਸੀ। ਅਜਿਹੇ ਖਿਤਾਬ ਤਾਂ ਦਰਜਨਾਂ ਹੀ ਹੋਰ ਵਿਅਕਤੀ ਵੀ ਆਪੋ-ਆਪਣੇ ਨਾਵਾਂ ਨਾਲ ਚਮਕਾਈ ਫਿਰ ਰਹੇ ਹਨ। ਉਹਨਾਂ ਦੀ ਵਿਲੱਖਣਤਾ ਤਾਂ ਉਸ ਰਝਾਨ ਵਿਚ ਸੀ ਜਿਸਨੂੰ ਸਿੱਖ ਖਾੜਕੂ ਲਹਿਰ ਅੰਦਰ ਸਥਾਪਤ ਕਰਨ ਲਈ ਉਹ ਜ਼ੋਰ ਮਾਰ ਰਹੇ ਸਨ।

ਵੈਸੇ ਤਾਂ 'ਉਪਰੇਸ਼ਨ ਕਾਲੀ ਗਰਜ' ਤੋਂ ਕੁਝ ਚਿਰ ਪਹਿਲਾਂ ਹੀ ਉਹਨਾਂ ਨੇ ਮਹਿਸੂਸ ਕਰ ਲਿਆ ਸੀ ਕਿ ਖਾੜਕੂ ਲਹਿਰ ਗੰਭੀਰ ਵਿਗਾੜਾਂ ਦਾ ਸ਼ਿਕਾਰ ਹੋ ਗਈ ਹੈ, ਪਰ ਇਨ੍ਹਾਂ ਵਿਗਾੜਾਂ 'ਤੇ ਕਾਬੂ ਕਿਵੇਂ ਪਾਇਆ ਜਾਵੇ, ਇਹ ਸਮੱਸਿਆ ਇਕ ਅੜਾਉਣੀ ਬਣੀ ਹੋਈ ਸੀ।

'ਕਾਲੀ ਗਰਜ' ਦੀ ਨਮੋਸ਼ੀ ਭਰੀ ਹਾਰ ਨੇ ਅਣਖੀਲੇ ਪੰਜਾਬੀਆ ਵਾਂਗ ਉਹਨਾਂ ਨੂੰ ਵੀ ਕਾਫੀ ਝੰਜੋੜ ਦਿੱਤਾ ਸੀ ਅਤੇ ਉਨ੍ਹਾਂ ਨੇ ਖਾੜਕੂ ਲਹਿਰ ਨੂੰ ਘਾਤਕ ਕਿਸਮ ਦੇ ਵਿਗਾੜਾਂ ਤੋਂ ਸੁਰਖੁਰੂ ਕਰਨ ਲਈ ਸੋਚਣ-ਵਿਚਾਰਨ ਦਾ ਅਮਲ ਤੇਜ਼ ਕਰ ਦਿਤਾ। ਇਸੇ ਸਮੇਂ ਖਾੜਕੂ ਲਹਿਰ ਅੰਦਰ ਦੋ ਸਪਸ਼ਟ ਰੂਪ ਵਿਚ ਵਖਰੇ-ਵਖਰੇ ਰੁਝਾਨ ਉਭਰ ਆਏ। ਇਕ ਉਹ ਰੁਝਾਨ ਸੀ ਜਿਸ ਦੀ ਤਰਜਮਾਨੀ ਬਾਬਾ ਗੁਰਬਚਨ ਸਿੰਘ ਮਾਨੋਚਾਹਲ,

---

ਹਵਾਲਾ ਮੌਜੂਦ ਨਹੀਂ ਹੈ।

4. 1885 ਈ: ਵਿਚ ਸਥਾਨਿਕ ਅਧਿਕਾਰੀਆਂ ਨੇ ਚਬੂਤਰੇ ਦੇ ਮਹੰਤ ਨੂੰ ਚਬੂਤਰੇ 'ਤੇ ਮੰਦਰ ਬਨਾਉਣ ਬਾਰੇ ਆਗਿਆ ਦੇਣ ਤੋਂ ਨਾਹ ਕਰ ਦਿੱਤੀ। ਉਸ ਵਲੋਂ ਸਬ ਜੱਜ (ਫੈਜ਼ਾਬਾਦ) ਹਰੀਕ੍ਰਿਸ਼ਨ ਅਤੇ ਜ਼ਿਲ੍ਹਾ ਕਚਹਿਰੀਆਂ ਨੂੰ ਕੀਤੀਆਂ ਗਈਆਂ ਅਪੀਲਾਂ ਵੀ ਰੱਦ ਕਰ ਦਿੱਤੀਆਂ ਗਈਆਂ।

5. ਫਿਰਕੂ ਗੜਬੜ ਨੂੰ ਰੋਕਣ ਲਈ ਚਬੂਤਰੇ ਨੂੰ ਮਸਜਿਦ ਨਾਲੋਂ ਵੱਖਰਾ ਕਰਨ ਲਈ ਵਾੜ ਬਣਾ ਦਿੱਤੀ

6. 1949 ਵਿਚ ਮੁਸਲਿਮ ਵਿਰੋਧੀ ਹਿੰਸਕ ਭੀੜ ਨੇ ਮਸੀਤ 'ਤੇ ਜਬਰੀ ਕਬਜ਼ਾ ਕਰ ਲਿਆ ਅਤੇ ਉਥੇ ਸ੍ਰੀ ਰਾਮ ਚੰਦਰ ਦੀ ਮੂਰਤੀ ਸਥਾਪਿਤ ਕਰ ਦਿੱਤੀ। ਮੁਸਲਿਮ ਭਾਈਚਾਰੇ ਦੇ ਵਿਰੋਧ ਕਰਨ 'ਤੇ ਸਟੇਅ ਦੇ ਦਿੱਤਾ ਗਿਆ ਪਰ ਮੂਰਤੀ ਅੰਦਰ ਹੀ ਰਹਿਣ ਦਿੱਤੀ ਗਈ, ਅਤੇ ਮਸਜਿਦ ਨੂੰ ਤਾਲਾ ਲਾ ਦਿੱਤਾ ਗਿਆ। ਇਸ ਤਰ੍ਹਾਂ 400 ਸਾਲਾਂ ਤੋਂ ਨਮਾਜ ਪੜ੍ਹਦੇ ਆ ਰਹੇ ਮੁਸਲਮਾਨਾਂ ਨੂੰ ਉਥੇ ਨਮਾਜ ਪੜ੍ਹਨੋ ਰੋਕ ਦਿੱਤਾ ਗਿਆ।

7. 25 ਜਨਵਰੀ 1986 ਨੂੰ ਫੈਜ਼ਾਬਾਦ ਦੇ ਇਕ ਹਿੰਦੂ ਵਕੀਲ ਨੇ, ਹਿੰਦੂਆਂ ਨੂੰ ਚਬੂਤਰੇ ਦੀ ਥਾਂ ਮਸੀਤ ਵਿਚ ਪੂਜਾ ਕਰਨ ਦੀ ਆਗਿਆ ਦੇਣ ਲਈ ਇਕ ਅਪੀਲ ਦਰਜ ਕਰਵਾਈ।

8. ਇਕ ਹਫਤਾ ਬਾਦ ਪਹਿਲੀ ਫਰਵਰੀ ਨੂੰ ਜ਼ਿਲ੍ਹਾ ਜੱਜ (ਫੈਜ਼ਾਬਾਦ) ਕੇ. ਐਮ. ਪਾਂਡੇ ਨੇ ਮਸੀਤ ਨੂੰ ਮੁੜ ਖੋਲਣ ਅਤੇ ਹਿੰਦੂਆਂ ਨੂੰ ਉਸਦੇ ਅੰਦਰ ਪੂਜਾ ਕਰਨ ਦੀ ਮਨਜ਼ੂਰੀ ਦੇ ਦਿੱਤੀ। ਭਾਰਤ ਦੇ ਕਾਨੂੰਨੀ ਇਤਿਹਾਸ ਵਿਚ ਨਾ ਸਿਰਫ ਇਹ ਸਭ ਤੋਂ ਵੱਧ ਤੇਜ਼ੀ ਨਾਲ ਨਿਪਟਾਇਆ ਗਿਆ ਫੈਸਲਾ ਸੀ ਸਗੋਂ ਇਸਨੇ ਸਾਰੇ ਘੱਟੋ-ਘੱਟ ਜ਼ਰੂਰੀ ਕਾਨੂੰਨੀ ਅਸੂਲਾਂ ਨੂੰ ਇਸ ਹੱਦ ਤਕ ਛਿੱਕੇ ਟੰਗ ਦਿੱਤਾ ਕਿ ਮਸੀਤ ਦੇ ਮਾਲਕ ਸੁੰਨੀ ਵਕਫ ਬੋਰਡ ਜਾਂ ਕਿਸੇ ਮੁਸਲਿਮ ਵਿਅਕਤੀ ਨੂੰ ਸੁਣੇ ਬਿਨਾਂ 37 ਸਾਲ ਪੁਰਾਣਾ ਸਟੇਅ ਤੋੜ ਦਿੱਤਾ ਗਿਆ।

ਇਸਦਾ ਸਿੱਟਾ ਸੱਚੀ-ਮੁੱਚੀ ਖਤਰਨਾਕ ਹੈ। 'ਇਕ ਇਤਿਹਾਸਕ ਮਸਜਿਦ ਜਿਹੜੀ 450 ਤੋਂ ਵੱਧ ਸਾਲ ਪਹਿਲਾ ਬਣਾਈ ਗਈ ਸੀ ਅਜ਼ਾਦ ਭਾਰਤ ਵਿਚ ਇਕ ਕਾਨੂੰਨੀ ਰਿੱਟ ਨਾਲ ਹਿੰਦੂ ਮੰਦਰ ਵਿਚ ਬਦਲ ਦਿੱਤੀ ਗਈ ਹੈ।

ਗੁਰਨਾਮ ਸਿੰਘ ਬੁੰਡਾਲਾ ਅਤੇ ਸੁਖਦੇਵ ਸਿੰਘ ਝਾਮਕਾ ਆਦਿ ਕਰ ਰਹੇ ਸਨ, ਜਿਹਨਾਂ ਨੂੰ ਨਾ ਤਾਂ ਕਾਲੀ ਗਰਜ ਤੋਂ ਪਹਿਲਾਂ ਦੀਆਂ ਸਰਗਰਮੀਆਂ ਵਿਚ ਹੀ ਕੁਝ ਗਲਤ ਮਾਲੂਮ ਹੁੰਦਾ ਸੀ ਅਤੇ ਨਾ ਹੀ ਕਾਲੀ ਗਰਜ ਸਮੇਂ ਦੀ ਕਾਰਗੁਜ਼ਾਰੀ ਵਿਚ। ਦੂਸਰਾ ਰੁਝਾਨ ਉਹ ਸੀ ਜੋ ਕਾਲੀ ਗਰਜ ਦੀ ਗਹਿ ਦੇ ਕਾਰਨਾਂ ਨੂੰ ਘੋਖਣ ਅਤੇ ਦੂਰ ਕਰਨ ਦੀ ਗੱਲ ਕਰਦਾ ਸੀ ਅਤੇ ਇਹ ਰੁਝਾਨ 'ਜਨਰਲ' ਲਾਭ ਸਿੰਘ ਕੋਲੋਂ ਉਸਦੇ ਅੰਤਮ ਸਮੇਂ ਮਿਲੀ ਦਸਤਾਵੇਜ਼ ਵਿਚ ਦਰਜ ਸੀ। ਕੰਵਰਜੀਤ ਸਿੰਘ ਅਤੇ ਨਿਰਮਲ ਸਿੰਘ ਨੇ ਇਸ ਦਸਤਾਵੇਜ਼ ਅੰਦਰਲੇ ਵਿਚਾਰਾਂ ਦੀ ਭਾਵਨਾ ਨੂੰ ਗ੍ਰਹਿਣ ਕਰਨ ਅਤੇ ਅਮਲ ਵਿਚ ਲਾਗੂ ਕਰਨ ਦੀ ਕੋਸ਼ਿਸ਼ ਕੀਤੀ। ਅਜਿਹਾ ਕਰਨ ਸਮੇਂ ਉਹਨਾਂ ਨੂੰ ਦੂਸਰੇ ਰੁਝਾਨ ਵਲੋਂ ਤਕੜੇ ਵਿਰੋਧ ਦਾ ਵੀ ਸਾਹਮਣਾ ਕਰਨਾ ਪਿਆ। ਕੰਵਰਜੀਤ ਸਿੰਘ ਨੇ ਮਾਨੋਚਾਹਲ-ਜ਼ਫਰਵਾਲ ਵਾਲੀ ਪੰਥਕ ਕਮੇਟੀ ਤੋਂ ਅਸਤੀਫਾ ਦੇ ਕੇ, 'ਜਨਰਲ' ਲਾਭ ਸਿੰਘ ਤੋਂ ਬਾਅਦ ਖਾਲਿਸਤਾਨ ਕਮਾਂਡੋ ਫੋਰਸ ਨੂੰ ਨਵੇਂ ਸਿਰੇ ਤੋਂ ਗਠਨ ਕਰਨਾ ਸ਼ੁਰੂ ਕਰ ਦਿੱਤਾ।

ਭਾਈ ਕੰਵਰਜੀਤ ਸਿੰਘ ਹੋਰਾਂ ਦੇ ਰੁਝਾਨ ਦੀ ਇਕ ਝਲਕ ਉਸ ਸੰਦੇਸ਼ ਤੋਂ ਮਿਲਦੀ ਹੈ, ਜਿਹੜਾ ਮਾਰਚ 1989 ਦੇ ਹੋਲੇ ਮਹੱਲੇ ਦੇ ਮੌਕੇ 'ਤੇ ਅਨੰਦਪੁਰ ਸਾਹਿਬ ਵਿਖੇ ਉਹਨਾਂ ਦੀ ਤਰਫੋਂ ਪੜ੍ਹ ਕੇ ਸੁਣਾਇਆ ਗਿਆ ਸੀ। ਇਸ ਸੰਦੇਸ਼ 'ਚ ਕਿਹਾ ਗਿਆ ਸੀ ਕਿ ਸੰਘਰਸ਼ "ਵਿਚ ਅੜਿਕਾ ਬਣ ਰਹੇ ਦਿੱਲੀ ਦੇ ਫਿਰਕੂ ਜਾਬਰ ਅਤੇ ਲੁਟੇਰੇ ਹਾਕਮਾਂ ਅਤੇ ਉਹਨਾਂ ਦੇ ਦਲਾਲਾਂ ਨੂੰ ਚਾਹੇ ਉਹ ਕਾਂਗਰਸ ਵਿਚ ਬੈਠੇ ਹੋਣ, ਚਾਹੇ ਸੀ. ਪੀ. ਆਈ. ਸੀ. ਪੀ. ਐਮ. ਵਿਚ ਚਾਹੇ ਭਾਜਪਾ ਵਿਚ ਬੈਠੇ ਹੋਣ ਚਾਹੇ ਸ਼ਿਵ ਸੈਨਾ ਵਿਚ ਜਾਂ ਅਕਾਲੀ ਦਲਾਂ ਵਿਚ ਨਕੇਲ ਪਾਈ ਜਾਵੇਗੀ।...

ਅਸੀਂ ਹਮੇਸ਼ਾ ਲਈ ਇਹ ਗੱਲ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਸਾਡੀ ਜਦੋ-ਜਹਿਦ ਹੱਕ-ਸੱਚ 'ਤੇ ਅਧਾਰਿਤ ਹੈ ਅਤੇ 'ਭੈਅ ਕਾਹੂ ਕਉ ਦੇਤ ਨਹਿ, ਨਹਿ ਭੈਅ ਮਾਨਤ ਆਨਿ' ਦੀ ਮੁੱਦਈ ਹੈ। ਸਮਾਜਿਕ ਧਾਰਮਿਕ ਅਤੇ ਸਿਆਸੀ ਵਿਸ਼ਵਾਸ਼ਾਂ ਤੇ ਵਖਰੇਵਿਆਂ ਦੇ ਅਧਾਰ 'ਤੇ ਕਿਸੇ ਨੂੰ ਦੁਸ਼ਮਣ ਮਨ ਲੈਣਾ ਸਾਡੀ ਰਵਾਇਤ ਦਾ ਹਿੱਸਾ ਨਹੀਂ...

ਪਿਛਲੇ ਅਰਸੇ ਦੌਰਾਨ ਕੁਝ ਵੀਰ ਜਾਣੇ-ਅਣਜਾਣੇ ਵਿਚ ਸੋਚਣੀ 'ਤੇ ਅਮਲੀ ਪੱਧਰ 'ਤੇ ਗੁਰੂ ਸਾਹਿਬ ਦੀ ਸੇਧ ਅਤੇ ਖਾਲਸੇ ਦੇ ਨਿਆਰੇਪਣ ਦੇ ਜੀਵਨ ਨੂੰ ਤਲਾਂਜਲੀ ਦੇ ਬੈਠੇ ਸਨ। ਪੰਥ ਦੇ ਇਤਿਹਾਸ ਅੰਦਰ ਕਿਸੇ ਵੀ ਬੇਗੁਨਾਹ ਇਸਤਰੀ ਪੁਰਸ਼ ਜਾਂ ਬੱਚੇ 'ਤੇ ਵਾਰ ਨਾਂ-ਕਰਨ ਦੀ ਰਵਾਇਤ ਦ੍ਰਿੜਾਈ ਗਈ ਸੀ ਪਰ ਕੁਝ ਲੋਕ ਇਸਨੂੰ ਭੁਲਾ ਬੈਠੇ ਸਨ ਅਤੇ ਸ਼ਾਇਦ ਇਹੀ ਕਾਰਨ ਸੀ ਅਜਿਹੀਆਂ ਕੁਤਾਹੀਆਂ ਬਦਲੇ ਗੁਰੂ ਸੱਚੇ ਕੋਲੋਂ ਸਜ਼ਾ ਵੀ ਭੁਗਤਣੀ ਪਈ। ਅਸੀਂ ਸੰਕਲਪ ਲੈਂਦੇ ਹਾਂ ਕਿ ਸੰਘਰਸ਼ ਦੇ ਅਗਲੇਰੇ ਪੜਾਵਾਂ ਦੌਰਾਨ ਅਜਿਹੀਆਂ ਗਲਤੀਆਂ ਦੁਹਰਾਈਆਂ ਨਹੀਂ ਜਾਣਗੀਆਂ। ਅਸੀਂ ਸਮਝਦੇ ਹਾਂ ਕਿ 'ਓਪਰੇਸ਼ਨ' ਕਾਲੀ ਗਰਜ ਹਾਕਮਾਂ ਦੀ ਸਾਡੇ ਵਿਰੁੱਧ ਕੋਈ ਜਿੱਤ ਨਹੀਂ, ਸਗੋਂ ਇਹ ਤਾਂ ਸਾਡੀਆਂ ਭੁੱਲਾਂ ਲਈ ਗੁਰੂ ਸੱਚੇ ਦੀ ਸਜ਼ਾ ਸੀ। ਸਾਡੇ ਲਈ ਆਪਣੀਆਂ ਜਾਨਾਂ ਤੋਂ ਵੀ ਪਿਆਰੀ ਗੱਲ ਸਿੱਖ ਸਿਧਾਂਤ ਅਤੇ ਸਿੱਖ ਰਵਾਇਤਾਂ ਦੀ ਰਾਖੀ ਹੀ ਹੈ ਅਤੇ ਅਸੀਂ ਕਿਸੇ ਨੂੰ ਵੀ ਕਿਸੇ ਵਕਤ ਲਾਲਚ ਵੱਸ ਇਹਨਾਂ 'ਤੇ ਧੱਬਾ ਲਾਉਣ ਦੀ ਇਜਾਜ਼ਤ ਨਹੀਂ ਦੇਵਾਂਗੇ।

ਭਾਰਤ ਅੰਦਰ ਹਿੰਦੂ ਬ੍ਰਾਹਮਣੀ ਗਲਬੇ ਵਿਰੁੱਧ ਗੁਰੂ ਸਾਹਿਬਾਨ ਨੂੰ ਸਭ ਤੋਂ ਵੱਡਾ ਗਿਲਾ ਇਥੇ ਪ੍ਰਚਲਤ ਅਣਮਨੁੱਖੀ ਜਾਤਪਾਤ ਦਾ ਸੀ। ਅਸੀਂ ਇਸ ਕਿਸਮ ਦੀਆਂ ਵੰਡੀਆਂ ਦਾ ਵਿਰੋਧ ਕਰਦੇ ਹਾਂ ਅਤੇ 'ਸਭਹਿ ਸਾਂਝੀਵਾਲ ਸਦਾਇਨ' ਦੇ ਮਹਾਂਵਾਕ ਨੂੰ ਅਮਲੀ ਜਾਮਾਂ ਪਹਿਨਾਉਣ ਲਈ ਵਚਨਬੱਧ ਹਾਂ.........

ਕੇ.ਸੀ.ਐਫ. ਆਪਣੇ ਸ਼ਹੀਦ ਜਰਨੈਲ ਲਾਭ ਸਿੰਘ ਦੀ ਯਾਦ ਵਿਚ ਗੋਲਡ ਮੈਡਲ ਸਥਾਪਤ ਕਰਨ ਦਾ ਐਲਾਨ ਕਰਦੀ ਹੈ। ਇਹ ਹਰ ਉਸ ਯੋਧੇ ਨੂੰ ਦਿੱਤਾ ਜਾਇਆ ਕਰੇਗਾ ਜੋ ਜਰਨੈਲ ਵਲੋਂ ਅੰਤਮ ਸਮੇਂ ਦਿੱਤੀਆਂ ਗਾਈਡ ਲਾਈਨਾਂ ਅਨੁਸਾਰ ਸਿਧਾਂਤ ਦੀ ਸ਼ੁੱਧਤਾ ਨੂੰ ਕਾਇਮ ਰਖਦਿਆਂ ਆਪਾ ਕੁਰਬਾਨ ਕਰ ਦਿਆ ਕਰੇਗਾ। ਅਸੀਂ ਪਹਿਲਾਂ ਤਮਗਾ ਭਾਈ ਭੁਪਿੰਦਰ ਸਿੰਘ ਕੋਮੋਕੇ ਨੂੰ ਪ੍ਰਦਾਨ ਕਰਦੇ ਹਾਂ।

ਅਸੀਂ ਅਫਗਾਨਸਤਾਨ ਵਿਚ ਰੂਸੀ ਜਰਵਾਣੇ ਹਮਲਾ-ਵਰ ਨੂੰ ਭਾਂਜ ਦੇਣ ਲਈ ਅਫਗਾਨ ਲੋਕਾਂ ਦੀ ਹੱਕੀ ਜਦੋਜਹਿਦ ਨੂੰ ਉਹਨਾਂ ਦੀ ਸਫਲਤਾ 'ਤੇ ਵਧਾਈ ਦੇਂਦੇ ਹਾਂ ਅਤੇ ਸ੍ਰੀਲੰਕਾ ਸਮੇਤ ਦੁਨੀਆਂ ਦੇ ਵੱਖ ਵੱਖ ਹਿੱਸਿਆਂ ਦੇ ਲੋਕਾਂ ਵਲੋਂ ਲੜੇ ਜਾ ਰਹੇ ਮੁਕਤੀ ਸੰਘਰਸ਼ਾਂ ਨਾਲ ਇਕਮੁੱਠਤਾ ਦਾ ਪ੍ਰਗਟਾਵਾ ਕਰਦੇ ਹਾਂ......"

ਭਾਈ ਕੰਵਰਜੀਤ ਸਿੰਘ ਨੇ ਅੰਤਮ ਸਮੇਂ ਤਕ ਆਪਣੀ ਇਸ ਸਮਝ ਨੂੰ ਅਮਲ ਵਿਚ ਲਾਗੂ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਉਹਨਾਂ ਨੇ ਜਸਬੀਰ ਸਿੰਘ ਰੋਡੇ ਦੀ ਸਮਝੌਤਾ-ਪ੍ਰਸਤ ਸਿਆਸਤ ਨਾਲੋਂ ਵੀ ਪੂਰੀ ਤਰ੍ਹਾਂ ਤੋੜ ਵਿਛੋੜਾ ਕੀਤਾ ਹੋਇਆ ਸੀ।

ਪਰ ਦਹਾਕਿਆਂ ਦੇ ਪਏ ਲਾਂਘਿਆਂ ਨੂੰ ਭੰਨ ਕੇ ਨਵੇਂ ਲਾਂਘੇ ਸਥਾਪਤ ਕਰਨੇ ਕੋਈ ਸੌਖੀ ਗੱਲ ਨਹੀਂ ਹੁੰਦੀ। ਕੰਵਰਜੀਤ ਸਿੰਘ ਹੋਰਾਂ ਨੂੰ ਵੀ ਇਸ ਸਬੰਧ ਵਿਚ ਅਨੇਕਾਂ ਕਿਸਮ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ। ਅਜਿਹੀਆਂ ਮੁਸ਼ਕਲਾਂ ਨੂੰ ਸਰ ਕਰਨ ਦੀਆਂ ਕੋਸ਼ਿਸ਼ਾਂ ਕਰਦਿਆਂ ਨੂੰ ਹੀ ਹਾਕਮਾਂ ਨੇ ਗੋਲੀ ਮਾਰ ਦਿੱਤੀ ਕਿਉਂਕਿ ਉਹ ਨਵੇਂ ਰੁਝਾਨ ਤੋਂ ਡਾਢੇ ਭੈ-ਭੀਤ ਸਨ। ਇਸ ਦੇ ਸਥਾਪਤ ਹੋ ਜਾਣ ਤੋਂ ਬਾਅਦ ਹਾਕਮਾਂ ਲਈ ਸਿੱਖ ਖਾੜਕੂ ਲਹਿਰ 'ਤੇ ਬੇਦੋਸ਼ਿਆਂ ਦੇ ਕਤਲਾਂ, ਲੁਟਾਂ ਖੋਹਾਂ ਜਾਂ ਫਿਰਕੂ ਆਦਿ ਹੋਣ ਦਾ ਇਲਜਾਮ ਲਾਉਣਾ ਬਹੁਤ ਮੁਸ਼ਕਲ ਹੋ ਜਾਣਾ ਸੀ।

ਹਰ ਇਨਸਾਫਪਸੰਦ ਅਤੇ ਜਮਹੂਰੀ ਵਿਅਕਤੀ ਤੇ ਸੰਸਥਾ ਨੂੰ, ਸਿਆਸੀ ਅਤੇ ਧਾਰਮਿਕ ਵਖਰੇਵਿਆਂ ਤੋਂ ਉਪਰ ਉਠਦਿਆਂ ਹੋਇਆ, ਸਰਕਾਰ ਵਲੋਂ ਦਿਨ-ਦੀਵੀਂ ਕੀਤੇ ਗਏ ਇਹਨਾਂ ਦੋਹਾਂ ਕਤਲਾਂ ਦੀ ਜ਼ੋਰਦਾਰ ਨਿਖੇਧੀ ਕਰਨੀ ਚਾਹੀਦੀ ਹੈ।

## ਖਾੜਕੂ ਆਗੂ ਚਰਨਜੀਤ ਸਿੰਘ ਚੰਨੀ ਦੀ ਪਤਨੀ ਵਲੋਂ

# ਕੇ.ਪੀ.ਐਸ. ਗਿੱਲ ਦੇ ਨਾਂ ਖੁੱਲਾ ਪੱਤਰ

ਵੱਲ,

ਕੇ. ਪੀ. ਐਸ. ਗਿੱਲ,
ਡਾਇਰੈਕਟਰ ਜਨਰਲ ਪੁਲੀਸ, ਪੰਜਾਬ,
ਚੰਡੀਗੜ੍ਹ ।

ਸ਼੍ਰੀਮਾਨ ਜੀ,

ਪ੍ਰਮਾਤਮਾ ਨੇ ਤੁਹਾਨੂੰ ਮੌਜੂਦਾ ਔਹਦਾ ਬਖਸ਼ਿਆ ਹੈ । ਇਸ ਲਈ ਤੁਹਾਨੂੰ ਉਸ ਪ੍ਰਮਾਤਮਾ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ । ਪ੍ਰਮਾਤਮਾ ਦੀ ਖੁਸ਼ੀ ਲਈ ਤੁਹਾਨੂੰ ਆਪਣੇ ਅੰਦਰ ਮਨੁੱਖਤਾ, ਇਖਲਾਕ ਅਤੇ ਮਨੁੱਖੀ ਦਰਦ ਦੇ ਸਾਰੇ ਗੁਣ ਪੈਦਾ ਕਰਨੇ ਚਾਹੀਦੇ ਹਨ, ਨਹੀਂ ਤਾਂ ਜਿਸ ਪ੍ਰਮਾਤਮਾ ਨੇ ਤੁਹਾਨੂੰ ਮੌਜੂਦਾ ਔਹਦਾ ਜ਼ਿੰਦਗੀ ਅਤੇ ਧੀਆਂ-ਪੁੱਤਾਂ ਦੀਆਂ ਦਾਤਾਂ ਬਖਸ਼ੀਆਂ ਹਨ, ਉਹ ਇਹਨਾਂ ਨੂੰ ਅੱਖ ਦੇ ਫੋਰੇ ਵਿਚ ਵਾਪਸ ਵੀ ਲੈ ਸਕਦਾ ਹੈ । ਪਰ ਤੁਸਾਂ ਤਾਂ ਔਰੰਗਜ਼ੇਬ ਅਤੇ ਚੰਗੇਜ਼ ਖਾਂ ਦਾ ਰੂਪ ਧਾਰ ਰਖਿਆ ਹੈ ।

ਤੁਹਾਨੂੰ ਦੇਸ਼ ਦੇ ਕਾਨੂੰਨ ਦੀ ਪਾਲਣਾ ਕਰਨੀ ਚਾਹੀਦੀ ਹੈ । ਤੁਸੀਂ ਆਪਣੇ ਪੁਲਸ ਅਫਸਰਾਂ ਅਤੇ ਦੂਸਰੇ ਅਮਲੇ ਫੈਲੇ ਨੂੰ ਜ਼ਬਾਨੀ-ਕਲਾਮੀ ਇਹ ਹੁਕਮ ਨਹੀਂ ਦੇ ਸਕਦੇ ਕਿ ਉਹ ਸਿੱਖ ਨੌਜਵਾਨਾਂ ਨੂੰ ਕਤਲ ਕਰ ਸੁੱਟਣ, ਉਨ੍ਹਾਂ ਦੀਆਂ ਮਾਵਾਂ, ਭੈਣਾਂ, ਪਤਨੀਆਂ ਅਤੇ ਬੱਚੀਆਂ ਦੀ ਥਾਣਿਆਂ ਅੰਦਰ ਪੱਤ ਰੋਲਣ, ਰਾਤਾਂ ਨੂੰ ਉਹਨਾਂ ਦੇ ਘਰਾਂ 'ਤੇ ਛਾਪੇ ਮਾਰਨ, ਬਜ਼ੁਰਗਾਂ ਨੂੰ ਤਸੀਹਾ ਕੇਂਦਰਾਂ ਅੰਦਰ ਲਿਜਾ ਕੇ ਗੈਰ-ਮਨੁੱਖੀ ਅਤਿਆਚਾਰਾਂ ਦਾ ਸ਼ਿਕਾਰ ਬਨਾਉਣ, ਨੰਗਿਆਂ ਕਰਕੇ ਘੰਟਿਆਂ-ਬੱਧੀ ਖੜੇ ਕਰੀ ਰਖਣ ਤਾਂ ਕਿ ਉਹਨਾਂ ਨੂੰ ਜ਼ਲੀਲ ਕੀਤਾ ਜਾ ਸਕੇ ਅਤੇ ਥਾਣਿਆਂ ਅੰਦਰ ਗੈਰ-ਕਾਨੂੰਨੀ ਤੋਰ 'ਤੇ ਬੰਦੀ ਬਣਾ ਕੇ ਰਖੇ ਹੋਏ ਬਾਕੀ ਦੇ ਨੌਜਵਾਨਾਂ ਦੇ ਮਨਾਂ ਅੰਦਰ ਦਹਿਲ ਬਿਠਾਇਆ ਜਾ ਸਕੇ । ਜੇ ਪੁਲਸੀਏ ਅਜਿਹਾ ਕੁਝ ਤੁਹਾਡੇ ਪਰਿਵਾਰ ਨਾਲ ਵੀ ਕਰਨ ਤਾ ਕੀ ਤੁਸੀਂ ਇਸ ਨੂੰ ਸਹਿਣ ਕਰ ਸਕੋਗੇ ? ਕੀ ਕਾਨੂੰਨ ਪੁਲਸ ਨੂੰ ਅਜਿਹਾ ਕੁਝ ਕਰਨ ਦੀ ਇਜਾਜ਼ਤ ਦਿੰਦਾ ਹੈ ? ਕੀ ਕਿਸੇ ਵਿਅਕਤੀ ਨੂੰ ਅਦਾਲਤ ਸਾਹਮਣੇ ਪੇਸ਼ ਕਰਨ ਤੋਂ ਬਿਨਾ ਹੀ ਥਾਣੇ ਅੰਦਰ ਰਖਿਆ ਜਾ ਸਕਦਾ ਹੈ ? ਕੀ ਪਾਰਲੀਮੈਂਟ ਨੇ ਹੁਣ ਤਕ ਕੋਈ ਅਜਿਹਾ ਕਾਨੂੰਨ ਪਾਸ ਕੀਤਾ ਹੈ ਜੋ ਪੁਲਸ ਨੂੰ ਕੁੱਟਣ ਮਾਰਨ, ਪੁੱਠਾ ਲਟਕਾਉਣ ਤਸੀਹੇ ਦੇਣ ਅਤੇ ਅਖੀਰ ਵਿਚ ਗੋਲੀ ਮਾਰ ਸੁੱਟਣ ਦਾ ਅਧਿਕਾਰ ਦੇਂਦਾ ਹੋਵੇ?

ਸਮਾਜੀ ਜੁਰਮ ਤਾਂ ਸੰਸਾਰ ਵਿਚ ਬਹੁਤ ਹੀ ਲੰਮੇ ਸਮੇਂ ਤੋਂ ਹੁੰਦੇ ਆ ਰਹੇ ਹਨ ਅਤੇ ਹੁੰਦੇ ਰਹਿਣਗੇ ਕਿਉਂਕਿ ਇਹ ਨਿੱਜੀ ਝਗੜੇ, ਦੁਸ਼ਮਣੀਆਂ, ਜਾਇਦਾਦ ਆਦਿ ਤੋਂ ਲੜਾਈਆਂ, ਭੁੱਖ ਅਤੇ ਹਵਸ ਹੀ ਹਨ ਜੋ ਚੋਰੀਆਂ, ਲੁੱਟਾਂ ਡਾਕਿਆਂ ਖੋਹਾਂ, ਜਬਰ-ਜਿਨਾਹ ਅਤੇ ਕਤਲਾਂ ਆਦਿ ਨੂੰ ਜਨਮ ਦੇਂਦੇ ਹਨ । ਇਸੇ ਲਈ ਸਮਾਜ ਨੇ ਕਾਨੂੰਨ ਬਣਾਏ, ਅਦਾਲਤਾਂ ਬਣਾਈਆਂ ਤਾਂ ਕਿ ਕਸੂਰਵਾਰਾਂ ਨੂੰ ਯੋਗ ਸਜ਼ਾਵਾਂ ਦਿਤੀਆਂ ਜਾ ਸਕਣ ਤੁਹਾਨੂੰ ਤੇ ਤੁਹਾਡੇ ਸਿਆਸੀ ਮਾਲਕਾ ਨੂੰ ਕਿਸ ਨੇ ਅਧਿਕਾਰ ਦਿਤਾ ਹੈ ਕਿ ਸੰਵਿਧਾਨ ਤਹਿਤ ਸਥਾਪਤ ਕੀਤੀਆਂ ਗਈਆਂ ਅਦਾਲਤਾਂ ਵਿਚ ਮੁਕੱਦਮਾ ਚਲਾਏ ਜਾਣ ਤੋਂ ਬਿਨਾਂ ਹੀ ਸਿੱਖ ਨੌਜਵਾਨਾਂ ਨੂੰ ਕਤਲ ਕਰ ਦਿੱਤਾ ਜਾਵੇ? ਕੀ ਤੁਸੀਂ ਅਤੇ ਤੁਹਾਡੇ ਸਿਆਸੀ ਮਾਲਕ ਇਹਨਾਂ ਕਾਤਲਾ ਲਈ ਕਿਤੇ ਵੀ ਜਵਾਬ ਦੇਹ ਨਹੀਂ ਹੋ ? ਕੀ ਤੁਸੀਂ ਸਾਰੇ ਕਾਤਲ ਨਹੀਂ ਹੋ ? ਕੀ ਤੁਹਾਡੇ ਸਿਆਸੀ ਬੌਸ ਮੁਜਰਮ ਨਹੀਂ ਹਨ, ਜੋ ਤੁਹਾਨੂੰ ਅਤੇ ਤੁਹਾਡੀਆਂ ਫੋਰਸਾਂ ਨੂੰ, ਪੰਜਾਬ ਦੇ ਉਹਨਾਂ ਹੀ ਪੁੱਤਰਾਂ ਨੂੰ ਕਤਲ ਕਰਨ ਲਈ ਉਕਸਾਉਂਦੇ ਹਨ ਜਿਹਨਾਂ ਦੀ ਰਾਖੀ ਕਰਨ ਲਈ ਤੁਹਾਨੂੰ ਕਾਨੂੰਨਨ ਨਿਯੁਕਤ ਕੀਤਾ ਗਿਆ ਹੈ । ਤੁਸੀਂ ਉਸ ਗਰੋਹ ਵਿਚ ਸ਼ਾਮਲ ਹੋ, ਜਿਹੜਾ ਸਿੱਖੀ ਦੀਆਂ ਜੜ੍ਹਾਂ ਪੁੱਟਣ ਲਈ ਸਾਜ਼ਸ਼ਾਂ ਰਚ ਰਿਹਾ ਹੈ ਅਤੇ ਇਸ ਦੇ ਕਿੰਨੇ ਹੀ ਸਪਸ਼ਟ ਸਬੂਤ ਮੌਜੂਦ ਹਨ । ਇਹ ਸਬੂਤ 'ਬਾਤਚੀਤ' ਨਾਂਅ ਦੇ ਉਸ ਸਰਕੂਲਰ ਵਿਚ ਮੌਜੂਦ ਹਨ ਜਿਹੜਾ ਜਲਦੀ 1984 ਵਿਚ ਰਖਿਆ ਮੰਤਰਾਲੇ ਅਤੇ ਉਸ ਸਮੇਂ ਦੇ ਫੌਜ ਦੇ ਮੁਖੀ ਜਨਰਲ ਵੈਦਿਆ ਨੇ ਜਾਰੀ ਕੀਤਾ ਸੀ ਅਤੇ ਜਿਸ ਨੂੰ ਦਿੱਲੀ ਤੋਂ ਛਪ ਰਹੇ ਹਫਤਾਵਾਰ 'ਸਪੋਕਸਮੈਨ' ਨੇ ਆਪਣੇ ਸਤੰਬਰ 1984 ਦੇ ਅੰਕ ਵਿਚ ਛਾਪਿਆ ਸੀ । ਕੀ ਇਹ ਤੁਹਾਡੀਆਂ ਅੱਖਾਂ ਖੋਹਲਣ ਲਈ ਕਾਫੀ ਨਹੀਂ ਹੈ ਕਿ ਭਾਰਤ ਸਰਕਾਰ ਇਸ ਕੰਮ ਲਈ ਤੁਹਾਨੂੰ ਵਰਤ ਰਹੀ ਹੈ ।

ਮੈਂ ਉਹਨਾਂ ਹਜ਼ਾਰਾਂ ਔਰਤਾਂ ਵਿਚੋਂ ਇਕ ਹਾਂ ਜਿਹਨਾਂ ਦੇ ਨੌਜਵਾਨ ਪਤੀ, ਤੁਸਾਂ ਅਤੇ ਤੁਹਾਡੀਆਂ ਫੋਰਸਾ ਨੇ ਨਿਗਲ ਲਏ ਹਨ । ਮੇਰੇ ਪਤੀ ਚਰਨਜੀਤ ਸਿੰਘ ਚੰਨੀ ਨੂੰ 30 ਸਾਲ ਦੀ ਉਮਰ ਵਿਚ ਹੀ ਤੁਸਾਂ ਮੈਥੋਂ ਖੋਹ ਲਿਆ ਹੈ । ਉਸ ਨੂੰ ਤੁਹਾਡੀ ਪਲਸ ਨੇ, ਤੁਹਾਡੀ ਸੰਭਾਵਿਤ ਰਾਏ ਨਾਲ 2 ਜੂਨ 1989 ਨੂੰ ਇਕ ਫਰਜ਼ੀ ਮੁਕਾਬਲਾ ਦਿਖਾ ਕੇ ਕਤਲ ਕਰ ਦਿੱਤਾ ਸੀ । ਉਸ ਨੂੰ ਪਹਿਲੀ ਜੂਨ ਨੂੰ ਹਿਰਾਸਤ ਵਿਚ ਲਿਆ

ਗਿਆ ਸੀ। ਹੋ ਸਕਦਾ ਹੈ ਕਿ ਕਾਨੂੰਨ ਉਸ ਨੂੰ ਮੁਜਰਮ ਕਰਾਰ ਦੇ ਦਿੰਦਾ, ਪਰ ਉਸ ਨੂੰ ਪਕੜ ਕੇ ਕਤਲ ਕਰ ਦੇਣ ਦਾ ਤੁਹਾਡਾ ਕੋਈ ਕੰਮ ਨਹੀਂ ਸੀ। ਕੀ ਤੁਸੀਂ ਮੇਰੀ ਇਸ ਗੱਲ ਨੂੰ ਰੱਦ ਕਰ ਸਕਦੇ ਹੋ ? ਕੀ ਇਸ ਨੂੰ ਰੱਦ ਕਰਨ ਲਈ ਕਿਸੇ ਕਾਨੂੰਨ ਦਾ ਹਵਾਲਾ ਦੇ ਸਕਦੇ ਹੋ ? ਕੀ ਤੁਹਾਡੇ ਅੰਦਰ ਸਾਫ ਸਾਫ ਗੱਲ ਕਹਿਣ ਦੀ ਹਿੰਮਤ ਹੈ ?

ਜੇ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਹੋ ਤਾਂ ਤੁਸਾਂ 'ਜਫਰਨਾਮਾ' ਜ਼ਰੂਰ ਪੜ੍ਹਿਆ ਹੋਵੇਗਾ। ਇਹ ਗੁਰੂ ਸਾਹਿਬ ਨੇ ਔਰੰਗਜੇਬ ਨੂੰ ਸੰਬੋਧਤ ਹੋ ਕੇ ਲਿਖਿਆ ਸੀ ਅਤੇ ਔਰੰਗਜੇਬ ਇਸ ਨੂੰ ਪੜ੍ਹਦਿਆਂ ਸਾਰ ਹੀ ਮਰ ਗਿਆ ਸੀ। ਕਿਉਂਕਿ ਉਸ ਦੇ ਉਹ ਸਾਰੇ ਪਾਪ ਕੰਬ ਗਏ ਸਨ, ਜਿਹਨਾਂ ਦਾ ਜਫਰਨਾਮੇ ਅੰਦਰ ਜਿਕਰ ਕੀਤਾ ਗਿਆ ਸੀ। ਔਰੰਗਜੇਬ ਆਪਣੇ ਆਪ ਨੂੰ ਸਦਾ ਹੀ ਇਕ ਪਾਕ-ਪਵਿੱਤਰ ਵਿਅਕਤੀ ਵਜੋਂ ਪੇਸ਼ ਕਰਿਆ ਕਰਦਾ ਸੀ. ਜਿਵੇਂ ਕਿ ਅੱਜ ਤੁਸੀਂ ਅਤੇ ਤੁਹਾਡੇ ਮਾਲਕ ਕਰ ਰਹੇ ਹਨ।

ਮੌਤ ਸਮਾਂ ਨਹੀਂ ਦੇਖਦੀ ਅਤੇ ਨਾ ਹੀ ਕਿਸੇ ਨੂੰ ਬਖਸ਼ਦੀ ਹੈ। ਇਹ ਚਿੱਠੀ ਖਤਮ ਕਰਨ ਤੋਂ ਪਹਿਲਾਂ, ਮੈਂ ਤੁਹਾਨੂੰ ਪੁਛਣਾ ਚਾਹੁੰਦੀ ਹਾਂ ਕਿ ਤੁਹਾਡੇ ਇੰਸਪੇਕਟਰ ਸ਼ਿਵ ਕੁਮਾਰ—ਜੋ ਸੀ. ਆਈ. ਏ. ਸਟਾਫ ਲੁਧਿਆਣੇ ਨਿਯੁਕਤ ਹੈ ਅਤੇ ਇਕ ਬਹੁਤ ਹੀ ਜ਼ਾਲਮ ਵਿਅਕਤੀ ਹੈ—ਨੇ 21 ਸਤੰਬਰ ਦੀ ਰਾਤ ਨੂੰ ਪੌਣੇ ਨੌਂ ਵਜੇ ਮੇਰੇ ਕੁਆਟਰ 'ਤੇ ਛਾਪਾ ਕਿਉਂ ਮਾਰਿਆ ? ਉਹ ਕਿਉਂ ਘੰਟਾ ਭਰ ਬਹੁਤ ਹੀ ਬੇਸ਼ਰਮੀ ਭਰੇ ਸਵਾਲ ਪੁੱਛ ਪੁੱਛ ਕੇ ਮੈਨੂੰ ਤੰਗ ਕਰਦਾ ਰਿਹਾ? ਇਸ ਦੇ ਸਨਮੁਖ, ਤੁਹਾਡੇ ਉਹਨਾ ਪਬਲਿਕ ਬਿਆਨਾਂ ਦੀ ਕੀਮਤ ਹੀ ਕੀ ਰਹਿ ਜਾਂਦੀ ਹੈ ਕਿ ਔਰਤਾਂ ਨੂੰ ਤੰਗ ਨਹੀਂ ਕੀਤਾ ਜਾਵੇਗਾ ? ਮੇਰੇ ਦੋ ਛੋਟੇ ਛੋਟੇ ਬੱਚੇ, ਜਿਹਨਾਂ ਤੋਂ ਤੁਸਾਂ ਅਤੇ ਤੁਹਾਡੀ ਪੁਲਸ ਨੇ ਆਪਣੇ ਸਿਆਸੀ ਮਾਲਕਾਂ ਨੂੰ ਖੁਸ਼ ਕਰਨ ਲਈ ਉਹਨਾਂ ਦਾ ਬਾਪ ਖੋਹ ਲਿਆ ਹੈ, ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਉਹ ਤੁਹਾਨੂੰ ਸੁਮੱਤ ਬਖਸ਼ੇ। ਮਨੁਖ ਦੀ ਸਭ ਤੋਂ ਵੱਡੀ ਰਖਵਾਲੀ ਉਸਦੀ ਆਤਮਾ ਹੀ ਹੁੰਦੀ ਹੈ। ਇਸ ਨੂੰ ਸ਼ਰਾਬ ਦੇ ਪਿਆਲਿਆਂ ਵਿਚ ਡੁਬੋ ਡੁਬੋ ਕੇ ਨਾ ਮਾਰੋ।

ਹਰਬੰਸ ਕੌਰ,
ਪਿੰਡ ਤੇ ਡਾਕਖਾਨਾ ਤਲਵੰਡੀ,
ਜ਼ਿਲ੍ਹਾ ਲੁਧਿਆਣਾ।

---


# ਚੋਣਾਂ ਲੜੀਆਂ ਜਾਣ ਜਾਂ ਨਾਂ ?

## (ਖਾੜਕੂ ਤਾਕਤਾਂ ਦੇ ਵਿਚਾਰਨ ਲਈ ਕੁਝ ਨੁਕਤੇ)

- ਸਿੱਖ ਖਾੜਕੂਆ ਨੂੰ ਚੋਣਾਂ 'ਚ ਹਿੱਸਾ ਲੈਣਾ ਚਾਹੀਦਾ ਹੈ ਜਾਂ ਨਹੀਂ ?
- ਖਾੜਕੂ ਇਸ ਤਿਲ੍ਹਕਣਬਾਜ਼ੀ ਦੀ ਖੇਡ੍ਹ ਅੰਦਰ ਆਪਣਾ ਸੰਤੁਲਨ ਬਣਾਈ ਰੱਖਣ 'ਚ ਸਫ਼ਲ ਹੋ ਸਕਣਗੇ ਜਾਂ ਨਹੀਂ ?
- ਖਾੜਕੂ ਲੀਡਰ ਕੇਂਦਰੀ ਹਾਕਮਾਂ ਵੱਲੋਂ ਛੱਡੇ ਇਸ 'ਨੀਤੀ ਬਾਣ' ਤੋਂ ਆਪਣਾ ਬਚਾਅ ਕਰ ਸਕਣਗੇ ਜਾਂ ਨਹੀਂ ?

ਇਹਨਾਂ ਸੁਆਲਾਂ ਦਾ ਸਬੰਧ ਸਿਰਫ਼ ਖਾੜਕੂ ਲਹਿਰ ਦੀ ਹੋਣੀ ਨਾਲ ਹੀ ਨਹੀਂ, ਸਗੋਂ ਸਮੁਚੇ ਪੰਜਾਬੀ ਲੋਕਾਂ ਦੀ ਹੋਣੀ ਤੇ ਪੰਜਾਬੀ ਕੌਮ ਦੇ ਭਵਿੱਖ ਨਾਲ ਜੁੜਿਆ ਹੈ।

"ਜਨਤਕ ਪੈਗਾਮ" ਵੱਲੋਂ ਜਾਰੀ ਕੀਤਾ ਗਿਆ ਇਹ ਵਿਸ਼ੇਸ਼ ਪੈਂਫ਼ਲਿਟ ਇਹਨਾਂ ਸਾਰੇ ਸੁਆਲਾਂ ਦੇ ਖਰੇ ਤੇ ਠੋਕਵੇਂ ਉੱਤਰ ਮੁਹੱਈਆ ਕਰਦਾ ਹੈ।

**ਸੰਪਰਕ ਪਤਾ : ਮਾਲਵਿੰਦਰ ਸਿੰਘ ਮਾਲੀ, ਪਿੰਡ ਤੇ ਡਾਕ: ਸਕਰੌਦੀ, ਜ਼ਿਲ੍ਹਾ ਸੰਗਰੂਰ-148026, ਕੀਮਤ : 2 ਰੁ:**


---


ਮਾਲਕ, ਪ੍ਰਕਾਸ਼ਕ, ਸੰਪਾਦਕ ਮਾਲਵਿੰਦਰ ਸਿੰਘ ਮਾਲੀ ਨੇ ਜੇ. ਜੇ. ਪ੍ਰਿੰਟਰਜ਼, ਲੁਧਿਆਣਾ ਤੋਂ ਛਪਵਾਕੇ ਪ੍ਰਕਾਸ਼ਤ ਕੀਤਾ

# ਸ਼ਹੀਦ ਜਨਰਲ ਲਾਭ ਸਿੰਘ ਦੇ ਇਕ ਅਤੀ ਨਜ਼ਦੀਕੀ ਦਾ ਖੱਤ

ਸੰਪਾਦਕ ਜੀ, ਗੁਰੂ ਫਤਿਹ ॥

ਮੈਂ ਤੁਹਾਨੂੰ ਇਕ ਅਤੀ ਮਹੱਤਵਪੂਰਣ ਦਸਤਾਵੇਜ਼ ਭੇਜ ਰਿਹਾ ਹਾਂ। ਜਿਸ ਬਾਰੇ ਆਮ ਸਿਖ ਜਨਤਾ ਤੇ ਹੋਰ ਲੋਕਾਂ ਨੂੰ ਜਾਣਕਾਰੀ ਮਿਲਣੀ ਬਹੁਤ ਹੀ ਜ਼ਰੂਰੀ ਹੈ। ਜਨਰਲ ਲਾਭ ਸਿੰਘ ਨੇ ਇਸ ਦਸਤਾਵੇਜ਼ ਦੀ ਇਤਿਹਾਸਕ ਅਹਿਮੀਅਤ ਨੂੰ ਮਹਿਸੂਸ ਕਰਦਿਆਂ ਹੋਇਆਂ ਇਸ ਨੂੰ ਬਹੁਤ ਹੀ ਸਾਂਭ ਕੇ ਰੱਖਿਆ ਹੋਇਆ ਸੀ। ਆਪਣੀ ਸ਼ਹਾਦਤ ਤੋਂ ਥੋੜਾ ਚਿਰ ਪਹਿਲਾਂ ਉਹਨਾਂ ਨੇ ਮੈਨੂੰ ਇਹ ਦਸਤਾਵੇਜ਼ ਇਹ ਆਖ ਕੇ ਸਾਂਭ ਰੱਖਣ ਦੀ ਹਦਾਇਤ ਦਿੱਤੀ ਸੀ ਕਿ "ਇਹ ਕਈ ਸਿੱਖ ਦਾਨਿਸ਼ਵਰਾਂ ਦੇ ਵਿਚਾਰਾਂ ਦਾ ਨਿਚੋੜ ਹੈ।"

ਜਨਰਲ ਲਾਭ ਸਿੰਘ ਦੀ ਸ਼ਹਾਦਤ ਪਿਛੋਂ ਅਸੀਂ ਕਈ ਵਾਰ ਇਸ ਨੂੰ ਛਪਾ ਕੇ ਵੱਡੀ ਗਿਣਤੀ ਵਿਚ ਖਾਲਸਾ ਪੰਥ ਵਿਚ ਵੰਡਣ ਦਾ ਸੁਪਨਾ ਲਿਆ। ਪਰ ਜਿਸ ਹਾਲਾਤ ਵਿਚ ਖਾਲਸਾ ਪੰਥ ਵਿਚਰ ਰਿਹਾ ਹੈ ਅਤੇ ਜਿਵੇਂ ਉਸ ਉਤੇ ਮੁਸੀਬਤਾਂ ਦੇ ਪਹਾੜ ਟੁੱਟੇ ਹਨ, ਉਸ ਵਿਚ ਇਹ ਸੁਪਨਾ ਸਾਕਾਰ ਨਹੀਂ ਹੋ ਸਕਿਆ। ਇਸ ਦਸਤਾਵੇਜ਼ ਨੂੰ ਪੇਸ਼ ਕਰਨ ਵਾਲਾ ਭਾਵੇਂ ਇਕ ਸਿੰਘ ਸੂਰਮਾ ਸ਼ਹੀਦ ਹੋ ਚੁੱਕਾ ਹੈ ਪਰ ਦੂਜੇ ਯੋਧੇ ਭਾਈ ਗੁਰਜੰਟ ਸਿੰਘ ਨੇ ਅਜੇ ਵੀ ਅਜ਼ਾਦੀ ਦੇ ਝੰਡੇ ਨੂੰ ਬੁਲੰਦ ਰਖਿਆ ਹੋਇਆ ਹੈ।

ਸਿੱਖਾਂ ਦੀ ਅਜੋਕੀ ਦਸ਼ਾ ਇਹ ਹੈ ਕਿ 18ਵੀਂ ਸਦੀ ਵਾਂਗ ਉਹਨਾਂ ਦੇ ਸਿਰਾਂ ਦੇ ਮੱਲ ਪੈ ਰਹੇ ਹਨ। ਘਰ ਘਾਟ ਉਜਾੜੇ ਜਾ ਰਹੇ ਹਨ। ਤੇ ਉਹਨਾਂ ਦੀ ਬਰਬਾਦੀ ਦਾ ਦੌਰ ਸਿਖਰਾਂ ਛੁਹ ਰਿਹਾ ਹੈ। ਇਸ ਭਿਆਨਕ ਕਹਿਰ ਵਿਚ ਮੈਨੂੰ ਇਹ ਡਰ ਹੈ ਕਿ ਕਿਤੇ ਸਿੰਘਾਂ ਦੀ ਇਹ ਪਿਆਰੀ ਤੇ ਨਿਵੇ-ਕਲੀ ਯਾਦਗਾਰ ਵੀ ਇਸ ਤੂਫਾਨ ਦੀ ਭੇਟ ਨਾ ਚੜ੍ਹ ਜਾਏ ਮੈਂ ਤੁਹਾਨੂੰ ਇਸ ਉਮੀਦ ਨਾਲ ਇਹ ਦਸਤਾਵੇਜ਼ ਭੇਜ ਰਿਹਾ ਹਾਂ ਕਿ ਤੁਸੀਂ ਇਸ ਨੂੰ ਜਿਓਂ ਦੀ ਤਿਓਂ ਪੇਸ਼ ਕਰ ਦਿਉਗੇ। ਭਾਵੇਂ ਇਸ ਵਿਚ ਬਹੁਤ ਸਾਰੀਆ ਗੱਲਾ ਤੁਹਾਡੀ ਜਥੇਬੰਦੀ ਦੇ ਵਿਚਾਰਾਂ ਦੇ ਨਾਲ ਇਕਸੁਰ ਨਹੀਂ ਹਨ ਤਾਂ ਵੀ ਤੁਸੀਂ ਇਸ ਬਾਰੇ ਆਪਣੀ ਵੱਖਰੀ ਟਿੱਪਣੀ ਕਰ ਸਕਦੇ ਹੋ। ਪਰ ਦਸਤਾਵੇਜ਼ ਨੂੰ ਇਨ-ਬਿਨ ਛਾਪਣ ਨਾਲ ਖਾਲਸਾ ਪੰਥ ਆਪਣੇ ਜੁਝਾਰੂਆਂ ਦੇ ਰੋਲ ਨੂੰ ਨਿਰਪੱਖਤਾ ਦੀ ਤੱਕੜੀ ਵਿਚ ਤੋਲ ਕੇ ਪਰਖ ਸਕਣ ਦੇ ਯੋਗ ਹੋਵੇਗਾ। ਇਸ ਦਸਤਾ-ਵੇਜ਼ ਵਿਚ ਮਹੱਤਵਪੂਰਨ ਨੁਕਤਿਆਂ ਬਾਰੇ ਜੋ ਟਿਪਣੀਆਂ ਕੀਤੀਆਂ ਗਈਆ ਹਨ, ਉਹ ਮੇਰੀਆਂ ਆਪਣੀਆਂ ਹੀ ਸਮਝੋ। ਪਰ ਇਹਨਾ ਸਭਨਾਂ ਦੀ ਭਾਵਨਾ ਸਬੰਧੀ ਜਨਰਲ ਲਾਭ ਸਿੰਘ ਨੇ ਕਈ ਵਾਰ ਮੇਰੇ ਨਾਲ ਵਿਚਾਰ ਵਿਮਰਸ਼ ਕੀਤਾ ਸੀ। ਇਹ ਟਿੱਪਣੀਆਂ ਦਸਤਾਵੇਜ਼ ਦਾ ਭਾਗ ਨਹੀਂ ਹਨ। ਸਿਰਫ ਕੁਝ ਨੁਕਤਿਆਂ ਦਾ ਵਿਸਥਾਰ ਹੀ ਹੈ।

ਪ੍ਰੋਫੈਸਰ ਦਰਸ਼ਨ ਸਿੰਘ ਜੁਝਾਰੂਆਂ ਨੂੰ ਵੰਡਣ ਲਈ ਅਪਣੀ ਚਾਲ ਵਿਚ ਸਫਲ ਨਹੀਂ ਹੋ ਸਕਿਆ ਹਾਲਾਂਕਿ ਸ਼ੁਰੂ ਵਿਚ ਉਸ ਨੂੰ ਕੁਝ ਕਾਮਯਾਬੀ ਮਿਲੀ ਸੀ। ਪਰ ਖਾੜਕੂ ਛੇਤੀ ਹੀ ਉਸਦੇ ਇਰਾਦਿਆਂ ਨੂੰ ਭਾਂਪ ਗਏ। ਇਸੇ ਨਾਲ ਜਨਰਲ ਲਾਭ ਸਿੰਘ ਤੇ ਜਨਰਲ ਗੁਰਜੰਟ ਸਿੰਘ ਨੂੰ ਇਕ ਸਾਂਝੇ ਬੰਦੇ ਰਾਹੀਂ ਮਿਲਾਇਆ ਗਿਆ ਤੇ ਕਨਵੈਨਸ਼ਨ ਵਿਚ ਇਕੱਠੇ ਰਲ ਕੇ ਦਸਤਾਵੇਜ਼ ਪੇਸ਼ ਕਰਨ ਲਈ ਸਹਿਮਤੀ ਹੋਈ। ਇਸ ਸਬੰਧ ਵਿਚ ਬੱਬਰ ਖਾਲਸਾ ਨਾਲ ਵੀ ਸੰਪਰਕ ਕਰਨ ਦਾ ਯਤਨ ਕੀਤਾ ਗਿਆ ਪਰ ਹਾਲਤਾਂ ਦੀ ਮਜਬੂਰੀ ਕਾਰਨ ਤੇ ਸਮੇਂ ਦੀ ਘਾਟ ਕਾਰਨ ਉਹਨਾਂ ਨੂੰ ਦਸਤਾਵੇਜ਼ ਵਿਚ ਸ਼ਾਮਲ ਕਰਨ ਦਾ ਕਾਰਜ ਸਿਰੇ ਨਾ ਚੜ੍ਹ ਸਕਿਆ।

ਇਸ ਦਸਤਾਵੇਜ਼ ਨੂੰ ਜੇਕਰ ਤੁਸੀਂ 'ਜਨਤਕ ਪੈਗਾਮ' ਵਿਚ ਛਾਪ ਦਿਉ ਤਾਂ ਇਸ ਨਾਲ ਕੇਵਲ ਸਿੱਖ ਪੰਥ ਦੀ ਸੇਵਾ ਹੀ ਨਹੀਂ ਹੋਏਗੀ ਸਗੋਂ ਵਿਸ਼ਾਲ ਮਾਨਵ ਸਮੂਹ ਨੂੰ ਵੀ ਖਾੜਕੂਆਂ ਦੇ ਕੰਮ, ਉਹਨਾਂ ਦੇ ਰੋਲ ਬਾਰੇ ਦਿਲਚਸਪ ਤੇ ਵਰਨਣਯੋਗ ਜਾਣਕਾਰੀ ਮਿਲੇਗੀ।

ਇਸ ਦਸਤਾਵੇਜ਼ ਦੇ ਛਪਣ ਨਾਲ ਖਾੜਕੂ ਸਫਾਂ ਨੂੰ ਖੁਦ ਵੀ ਆਪਣੇ ਅੰਦਰ ਝਾਤ ਮਾਰਨ ਦਾ ਇਕ ਸੁਨਹਿਰੀ ਮੌਕਾ ਮਿਲੇਗਾ ਤਾਂ ਜੋ ਉਹ ਇਹ ਵੇਖ ਸਕਣ ਕਿ ਇਸ ਲਿਖਤ ਦੇ ਪ੍ਰਸੰਗ ਵਿਚ ਉਹਨਾਂ ਦੀ ਕਥਨੀ ਤੇ ਕਰਨੀ ਵਿਚ ਕਿਨ੍ਹਾ ਕੁ ਫਰਕ ਹੈ।

ਇਸ ਦਸਤਾਵੇਜ਼ ਵਿਚਲੇ ਠੋਸ ਨੁਕਤੇ ਤੇ ਇਸ ਦੀਆਂ ਭਾਵਨਾਵਾਂ ਵੀ ਇਸ ਨੂੰ ਇਤਿਹਾਸਕ ਸਥਾਨ ਦੇ ਗਈਆਂ ਹਨ। ਸ਼ਾਇਦ ਤੁਸੀਂ ਨਹੀਂ ਜਾਣਦੇ ਕਿ ਖਾਲਸਾ ਪੰਥ ਦਸਮ ਪਾਤਸ਼ਾਹ ਦੇ ਜ਼ਮਾਨਿਆਂ ਦੀ ਸਿੱਖ ਚੇਤਨਾ ਦੇ ਸਦੀਵੀ ਖੇੜੇ ਅਤੇ ਸਿਦਕ ਦੀ ਦਿਲਕਸ਼ ਚੜ੍ਹਤਲ ਦੇ ਮੁੜ ਹੋਂਦ ਵਿਚ ਆਉਣ ਦੀ ਤਮੰਨਾ ਕਰ ਰਿਹਾ ਹੈ। ਅਰਥਾਤ ਖਾਲਸਾ ਪੰਥ ਦੀ ਗਵਾਚੀ ਪਹਿਲ-ਤਾਜ਼ਗੀ ਨੂੰ ਢੂੰਡਣ ਲਈ ਤੜਪ ਰਹੇ ਹਨ। ਅੱਜ ਘੋਰ ਉਦਾਸੀ ਵਿਚ ਡੁੱਬੇ ਖਾਲਸਾ ਪੰਥ ਨੂੰ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੀ ਨਾਜ਼ ਭਰੀ ਉਹ ਨਜ਼ਰ ਜਿਸ ਨੇ ਉਹਨਾਂ ਨੂੰ ਲੁੱਟ ਲਿਆ ਸੀ, ਉਸੇ ਨਜ਼ਰ ਦੇ ਤੀਰ ਦੀ ਆਰਜ਼ੂ ਹੈ। ਮੈਨੂੰ ਯਕੀਨ ਹੈ ਕਿ ਇਹ ਦਸਤਾਵੇਜ਼ ਗੁਰੂ-ਪਿਆਰ, ਹੌਸਲੇ ਦੀ ਬੁਲੰਦੀ ਅਤੇ ਰੂਹਾਂ ਦੀ ਤਾਜ਼ਗੀ ਦਾ ਸੋਮਾ ਹੈ।

ਤੁਹਾਡੇ ਸਹਿਯੋਗ ਦੀ ਪੂਰੀ ਉਮੀਦ ਨਾਲ,

3 ਸਤੰਬਰ 1989 'ਜੁਝਾਰ ਕਾਫਲੇ' ਦਾ ਇਕ ਸਿਪਾਹੀ

**ਅਤੇ ਹੋਰ :** ਅਪਰੇਸ਼ਨ ਬਲੈਕ ਥੰਡਰ ਪਿਛੋਂ ਜਨਰਲ ਲਾਭ ਸਿੰਘ ਦੀ ਪੰਜਾਬ ਸਮੱਸਿਆ ਪ੍ਰਤੀ ਪਹੁੰਚ 'ਚ ਵੱਡੀਆਂ ਤਬਦੀਲੀਆਂ ਆਈਆਂ ਸਨ ਜਿਨ੍ਹਾਂ ਨੂੰ ਮੈਂ ਨੇੜਿਓਂ ਹੋ ਕੇ ਮਹਿਸੂਸ ਕੀਤਾ। ਲਹਿਰ ਵਿਚ ਆਈਆਂ ਕੁਰੀਤੀਆ ਤੋਂ ਉਹ ਬੇਹੱਦ ਚਿੰਤਤ ਜਾਪਦਾ ਸੀ। ਨਤੀਜਾ ਇਹ ਹੋਇਆ ਕਿ ਉਸਨੇ ਸਮੁੱਚੀ ਲਹਿਰ ਵਿਚ ਪ੍ਰਗਟ ਹੋਏ ਗਲਤ ਰੁਝਾਨਾ ਦਾ ਭਰਵਾਂ ਵਿਸ਼ਲੇਸ਼ਣ ਕਰਨ ਦੇ ਸੁਹਿਰਦ ਯਤਨ ਆਰੰਭ ਕੀਤੇ। ਇਸ ਸਬੰਧ ਵਿਚ ਸਿੱਖ ਦਾਨਿਸ਼ਵਰਾਂ ਨਾਲ ਡੂੰਘੇ ਵਿਚਾਰ ਪਿਛੋਂ ਇਕ ਦਸਤਾਵੇਜ਼ ਵੀ ਤਿਆਰ ਕਰ-ਵਾਈ ਗਈ ਜੋ ਸ਼ਹੀਦੀ ਸਮੇਂ ਉਸ ਕੋਲ ਮੌਜੂਦ ਸੀ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਇਸ ਦਸਤਾਵੇਜ਼ ਨੂੰ ਲੱਭ ਕੇ ਖਾਲਸਾ ਪੰਥ ਅੱਗੇ ਪੇਸ਼ ਕੀਤਾ ਜਾਵੇ ਤਾਂ ਜੋ ਪੰਜਾਬ ਦੇ ਸੰਘਰਸ਼ ਨੂੰ ਇਕ ਨਵੀਂ ਦਿਸ਼ਾ ਮਿਲ ਸਕੇ। ☬

## ਖਾਲਿਸਤਾਨੀ ਲਹਿਰ ਦੀ ਇਕ ਅਹਿਮ ਦਸਤਾਵੇਜ਼

# "ਇਹ ਜੰਗ ਸਾਡੀ ਜਿੱਤ ਨਾਲ ਹੀ ਮੁਕੇਗੀ"

ੴ

ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ ॥
ਸੈਫ ਸਿਰੋਹੀ ਸੈਹਥੀ ਯਹੈ ਹਮਾਰੇ ਪੀਰ ॥
(ਪਾਤਸ਼ਾਹੀ 10)

ਬ-ਲਚਾਰਗੀ ਦਰ ਮਿਯਾ ਆਮਦਮ ॥
ਬ-ਤਦਬੀਰ ਤੀਰੋ ਕਮਾ ਆਮਦਮ ॥
(ਅਰਥਾਤ) (ਪਾਤਸ਼ਾਹੀ 10)

ਮੇਰਾ ਕੋਈ ਇਰਾਦਾ ਨਹੀਂ ਸੀ ਕਿ ਮੈਂ ਤਲਵਾਰ ਚੁਕਾਂ ਪਰ ਮੈਨੂੰ ਮਜਬੂਰ ਹੋ ਕੇ ਮੈਦਾਨੇ ਜੰਗ ਵਿਚ ਆਉਣਾ ਪਿਆ ਅਤੇ ਸ਼ਸਤਰ ਦੀ ਵਰਤੋਂ ਕਰਨੀ ਪਈ। ਮੈਂ ਲੜਾਈ ਦੇ ਹੱਕ ਵਿਚ ਨਹੀਂ ਸੀ।

ਇਹ ਇਤਿਹਾਸਿਕ ਦਸਤਾਵੇਜ਼ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਪ੍ਰੋ: ਦਰਸ਼ਨ ਸਿੰਘ ਵਲੋਂ ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ 4 ਅਗਸਤ 1987 ਨੂੰ ਸੱਦੀ ਪੰਥਕ ਕਨਵੈਨਸ਼ਨ ਵਿਚ ਖਾਲਿਸਤਾਨ ਕਮਾਂਡੋ ਫੋਰਸ ਤੇ ਖਾਲਿਸਤਾਨ ਲਿਬਰੇਸ਼ਨ ਫੋਰਸ ਵਲੋਂ ਸਾਂਝੇ ਤੌਰ 'ਤੇ ਪੇਸ਼ ਕੀਤੀ ਗਈ।

ਪੇਸ਼ ਕਰਤਾ :

ਸਿਰਦਾਰ ਲਾਭ ਸਿੰਘ
ਜਨਰਲ,
ਖਾਲਿਸਤਾਨ ਕਮਾਂਡੋ ਫੋਰਸ

ਸਿਰਦਾਰ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ,
ਲੈਫਟੀਨੈਂਟ ਜਨਰਲ,
ਖਾਲਿਸਤਾਨ ਲਿਬਰੇਸ਼ਨ ਫੋਰਸ

(ਅਸਾਂ ਇਹ ਸਿਰਦਾਰੀਆਂ ਅਤੇ ਜਰਨੈਲੀਆਂ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ-ਗੁਰੂ ਗ੍ਰੰਥ ਸਾਹਿਬ ਦੇ ਦਰ ਦੇ ਝਾੜੂ ਬਰਦਾਰ ਬਣ ਕੇ ਖਾਲਸਾ ਜੀ ਦੀਆਂ ਅਪਾਰ ਮਿਹਰਾਂ ਤੇ ਬਖਸ਼ਸ਼ਾਂ ਸਦਕਾ ਹਾਸਲ ਕੀਤੀਆਂ)

---

### ਸਿੱਖਾਂ ਦਾ ਉਦੇਸ਼

ਸਿੱਖਾਂ ਦਾ ਉਦੇਸ਼ ਗੁਰੂ ਗ੍ਰੰਥ ਸਾਹਿਬ, ਦਸ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਅਤੇ ਖਾਲਸਾ ਪੰਥ ਦੀ ਤਵਾਰੀਖ ਵਿਚ ਓਤ ਪੋਤ ਹੈ ਜਿਨ੍ਹਾਂ ਨੂੰ ਮੌਜੂਦਾ ਸੰਘਰਸ਼ ਦੌਰਾਨ 'ਖਾਲਿਸਤਾਨ' ਦਾ ਨਾਂ ਦਿੱਤਾ ਗਿਆ ਹੈ।

ਸਭ ਮਾਈ ਭਾਈ ਨੂੰ ਸਪੱਸ਼ਟ ਹੋ ਜਾਏ ਕਿ ਖਾਲਿਸ-ਤਾਨ ਦਾ ਸੰਕਲਪ ਸਿੱਖਾਂ ਨੂੰ ਅਚਾਨਕ ਹੋਈ ਅਕਾਸ਼ਵਾਣੀ (Revelation) ਨਹੀਂ ਹੈ। ਇਹ ਸਕਲਪ ਅਮੋੜ ਜਜ਼ਬਿਆਂ ਦੇ ਰੋਅ ਵਿਚ ਵਹਿ ਚੁਕੇ ਕੁਝ ਨੌਜਵਾਨਾਂ ਦਾ ਮਹਿਜ਼ ਇਕ ਰਮਾਂਟਿਕ ਸੁਪਨਾ ਵੀ ਨਹੀਂ ਅਤੇ ਨਾਂ ਹੀ ਇਹ ਗੁੰਮਰਾਹ ਹੋ ਚੁੱਕੇ 'ਮੁੱਠੀ ਭਰ ਮਾਯੂਸ' ਲੋਕਾਂ ਵਲੋਂ ਭਾਰਤ ਦੀ ਅਖੌਤੀ ਏਕਤਾ ਅਤੇ ਅਖੰਡਤਾ ਵਿਰੁੱਧ ਇਕ ਸਾਜ਼ਿਸ਼ ਹੈ ਜਿਵੇਂ ਕਿ ਹਰ ਰੋਜ਼ ਸਾਡੇ ਵਿਰੁਧ ਊਜਾਂ ਲਗਦੀਆਂ ਹਨ। ਖਾਲਿਸਤਾਨ ਦਾ ਪਵਿੱਤਰ ਸੰਕਲਪ ਸਾਡੇ ਤੋਂ ਵੀ ਪਹਿਲਾਂ 'ਰਾਜ ਕਰੇਗਾ ਖਾਲਸਾ' ਅਤੇ 'ਖਾਲਸਾ ਜੀ ਦੇ ਬੋਲ ਬਾਲੇ' ਦੇ ਇਤਿਹਾਸਿਕ ਸ਼ਬਦਾਂ ਵਿਚ ਅੰਕਿਤ ਹੈ ਜੋ ਵਿਅਕਤੀਗਤ ਅਤੇ ਸਮੂਹਕ ਰੂਪ ਵਿਚ ਖਾਲਸਾ ਜੀ ਦੀ ਅਰਦਾਸ ਦਾ ਅਟੁੱਟ ਅੰਗ ਬਣਿਆ ਰਿਹਾ ਹੈ ਅਤੇ ਬਣਿਆ ਰਹੇਗਾ। ਅਰਦਾਸ ਦੇ ਇਸ ਮਹਾਨ ਆਦਰਸ਼ਕ ਪੱਖ ਨੂੰ ਭਾਰਤ ਦੀ ਇਸ ਧਰਤੀ ਦੇ 'ਇਕ ਵਿਸ਼ੇਸ਼ ਭੂਗੋਲਿਕ ਇਲਾਕੇ' ਅਤੇ 'ਇਕ ਵਿਸ਼ੇਸ਼ ਮਾਹੌਲ' ਵਿਚ ਸਾਕਾਰ ਕਰਨ ਦੀ ਰੀਝ ਵਿਚੋਂ ਹੀ ਖ਼ਾਲਿਸਤਾਨ ਦਾ ਸੰਕਲਪ ਹੋਂਦ ਵਿਚ ਆ ਇਆ ਹੈ।

ਕਿਉਂਕਿ ਖਾਲਸਾ ਪੰਥ ਕੋਲ ਕੌਮਾਂਤਰੀ ਭਾਈਚਾਰੇ ਦੇ ਨਿਯਮਾਂ ਅਨੁਸਾਰ ਇਕ ਕੌਮ ਹੋਣ ਦੇ ਸਭ ਅਧਾਰ ਪਹਿਲਾਂ ਹੀ ਮੌਜੂਦ ਹਨ। ਇਸ ਲਈ ਖਾਲਸਾ ਪੰਥ ਦਾ ਰਾਜਸੀ ਨਿਸ਼ਾਨਾਂ ਇਕ ਸੁਤੰਤਰ ਤੇ ਖੁੱਦ-ਮੁਖਤਿਆਰ ਸਿੱਖ ਰਾਜ (Independent & Sovereign Sikh State) ਕਾਇਮ ਕਰਨਾ ਹੈ। ਜਿਸਦਾ ਆਪਣਾ ਇਕ ਜਮਹੂਰੀ ਸੰਵਿ-

ਧਾਨ ਹੋਵੇਗਾ। ਖੁੱਦਮੁਖਤਾਰ ਸਿੱਖ ਰਾਜ ਦੀ ਲੀਡਰਸ਼ਿਪ ਸਰਬੱਤ ਦੇ ਭਲੇ ਦੇ ਸਿਧਾਂਤ ਅਨੁਸਾਰ ਸਿੱਖ ਧਰਮ ਦੇ 'ਕਿਰਤ ਕਰੋ ਤੇ ਵੰਡ ਕੇ ਛਕੋ' ਦੇ ਨਿਯਮ ਉਤੇ ਅਧਾਰਿਤ ਹੋਵੇਗੀ। ਪਰ ਇਸ ਵਿਚ ਪੰਜਾਬ ਦੇ ਸਭਿਆਚਾਰ ਲਈ ਮਰਮਿਟਣ ਵਾਲੇ ਗੈਰ-ਸਿੱਖਾਂ ਦਾ ਵੀ ਪੂਰਾ ਪੂਰਾ ਤੇ ਬਰਾਬਰ ਦਾ ਯੋਗਦਾਨ ਹੋਵੇਗਾ।

ਉਪਰੋਕਤ ਸੁਤੰਤਰ ਤੇ ਖੁੱਦਮੁਖਤਿਆਰ ਰਾਜ ਜਾਂ ਖਾਲਿਸਤਾਨ ਦੇ ਨਿਸ਼ਾਨੇ ਨੂੰ ਲੈ ਕੇ ਤੁਰੀਆਂ ਜੁਝਾਰੂ ਜਥੇ-ਬੰਦੀਆਂ ਸਭ ਇਨਸਾਫ ਪਸੰਦ ਮੁਲਕਾਂ, ਕੌਮਾਂ ਤੇ ਸੰਯੁਕਤ ਰਾਸ਼ਟਰ ਨੂੰ ਅਪੀਲ ਕਰਦੀਆਂ ਹਨ ਕਿ ਖਾਲਿਸਤਾਨ ਨੂੰ ਮਾਨਤਾ ਦਿੱਤੀ ਜਾਵੇ ਤਾਂ ਜੋ ਖਾਲਸਾ ਪੰਥ ਸੰਯੁਕਤ ਰਾਸ਼ਟਰ ਦੇ ਚਾਰਟਰ ਅਨੁਸਾਰ ਕੌਮਾਂਤਰੀ ਅਮਨ ਅਤੇ ਸੁਰੱਖਿਆ ਨੂੰ ਮਜ਼ਬੂਤ ਕਰਨ, ਇਕ ਦੂਜੇ ਮੁਲਕ ਨਾਲ ਚੰਗੇ ਗੁਆਂਢੀਆ ਵਾਂਗ ਅਮਨ ਅਤੇ ਸਹਿਨਸ਼ੀਲਤਾ ਵਾਲੇ ਸਬੰਧਾਂ ਨੂੰ ਯਕੀਨੀ ਬਨਾਉਣ ਲਈ ਸੰਸਾਰ ਦੇ ਇਤਿਹਾਸ ਵਿਚ ਆਪਣਾ ਮਹੱਤਵ ਪੂਰਨ ਯੋਗਦਾਨ ਪਾ ਸਕੇ। ਅਸੀਂ ਇਹ ਵੀ ਦਸਣਾ ਚਾਹੁੰਦੇ ਹਾਂ ਕਿ ਯੂ. ਐਨ. ਓ. ਦੀ ਸਥਾਪਨਾ ਤੋਂ ਵੀ ਸੈਂਕੜੇ ਸਾਲ ਪਹਿਲਾਂ ਸਾਡੇ ਗੁਰੂਆਂ ਨੇ 'ਸਰਬੱਤ ਦੇ ਭਲੇ' ਦੇ ਸੰਕਲਪ ਨੂੰ ਏਨੀ ਵਡੀ ਅਹਿਮੀਅਤ ਦਿਤੀ ਸੀ ਕਿ ਵਿਅਕਤੀਗਤ ਤੇ ਸਮੂਹਿਕ ਰੂਪ ਵਿਚ ਸਰਬੱਤ ਦੇ ਭਲੇ ਲਈ ਦੁਆ ਕਰਨਾ ਖਾਲਸੇ ਦੀ ਨਿਤਾਪ੍ਰਤੀਅਰਦਾਸ ਦਾ ਇਕ ਲਾਜ਼ਮੀ ਅੰਗ ਹੈ।

ਅਸੀਂ ਇਥੇ ਇਹ ਵੀ ਚੇਤੇ ਕਰਾਉਣਾ ਚਾਹੁੰਦੇ ਹਾਂ ਕਿ ਖਾਲਸਾ ਪੰਥ ਦੀ ਮਹਾਨ ਸੰਸਥਾ ਸਰਬੱਤ ਖਾਲਸਾ ਦੀ ਇਕੱਤਰਤਾ ਨੇ ਗੁਰਮਤੇ ਰਾਹੀਂ 'ਅਕਾਲ ਤਖਤ ਦੇ ਸਨਮੁਖ ਪੰਜ ਸਿੰਘ ਸਹਿਬਾਨ ਦੀ ਹਾਜ਼ਰੀ ਵਿਚ ਪਹਿਲਾਂ ਹੀ ਖਾਲਿਸ-ਤਾਨ ਦੇ ਐਲਾਨ ਦੀ ਪੁਸ਼ਟੀ ਕਰ ਦਿੱਤੀ ਹੋਈ ਹੈ ਜਿਸ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ ਕਿਉਂਕਿ ਸਰਬੱਤ ਖਾਲਸਾ[1] ਸਿੱਖਾਂ ਲਈ ਸੁਪਰੀਮ ਹੈ।

## ਉਦੇਸ਼ ਪਹਿਲਾ ਹੀ ਮੌਜੂਦ ਸੀ।

ਦਸਵੇਂ ਪਾਤਸ਼ਾਹ ਨੇ ਸਾਡਾ ਨਿਸ਼ਾਨਾਂ ਪਹਿਲਾਂ ਹੀ ਨਿਰਧਾਰਿਤ ਕੀਤਾ ਹੋਇਆ ਹੈ। ਇਹ ਠੀਕ ਹੈ ਕਿ ਕਈ ਵਾਰ ਇਤਿਹਾਸਿਕ ਪਰਸਥਿਤੀਆ ਦੇ ਵੱਸ ਪੈ ਕੇ ਕੋਈ ਕੌਮ ਨਿਸ਼ਾਨੇ ਤੋਂ ਖੁੰਝ ਜਾਂਦੀ ਹੈ, ਸਵਾਰਥੀ ਲੀਡਰਸ਼ਿਪ ਕੌਮ ਨੂੰ ਨਿਸ਼ਾਨੇ ਤੋਂ ਲਾਂਭੇ ਲੈ ਜਾਂਦੀ ਹੈ ਜਾਂ ਕੌਮ ਕੁਰਾਹੇ ਵੀ ਪੈ ਸਕਦੀ ਹੈ। ਇਹ ਸਥਿਤੀ ਕਈ ਵਾਰ ਦਹਾਕਿਆਂ ਅਤੇ ਸਦੀਆਂ ਤਕ ਬਣੀ ਰਹਿ ਸਕਦੀ ਹੈ। ਪਰ ਇਸਦਾ ਮਤਲਬ ਇਹ ਨਹੀਂ ਕਿ ਕੋਈ ਕੌਮ ਇਕ ਵਿਸ਼ੇਸ਼ ਖਿੱਤੇ ਵਿਚ ਆਪਣੀ ਕਿਸਮਤ ਦਾ ਆਪ ਫੈਸਲਾ ਕਰਨ ਦਾ ਹੱਕ ਗਵਾ ਲੈਂਦੀ ਹੈ। ਫਿਰ ਅਸੀਂ ਤਾਂ ਇਥੇ ਰਾਜ ਕੀਤਾ ਹੈ। ਸਾਡੇ ਵੀ ਕਦੇ ਨਿਸ਼ਾਨ ਝੂੱਲੇ ਹਨ। ਅਸੀਂ ਆਪਣੇ ਖੁੱਸੇ ਹੱਕ ਨੂੰ ਫਿਰ ਪ੍ਰਾਪਤ ਕਰਨ ਦੀ ਤਾਂਘ ਰਖਦੇ ਹਾਂ। ਜੇ ਸਾਡਾ ਨਿਸ਼ਾਨਾਂ ਧੁੰਦਲਾ ਹੋ ਗਿਆ ਸੀ ਜਾਂ ਅਲੋਪ ਹੋ ਗਿਆ ਸੀ, ਪਰ ਇਹ ਤਾਂ ਨਹੀਂ ਕਿ ਸਾਡਾ ਨਿਸ਼ਾਨਾਂ ਖਤਮ ਕਰ ਦਿੱਤਾ ਗਿਆ ਹੈ। ਜਦੋਂ ਕੌਮਾਂ ਕੋਲੋਂ ਆਪਣੇ ਖਿਤੇ ਅਤੇ ਆਪਣਾ ਮਾਹੌਲ ਖੁਸਦਾ ਹੈ ਤਾਂ ਨਾਲ ਹੀ ਉਹ ਖਿੱਤਾ ਤੇ ਉਹ ਇਤਿਹਾਸ ਕੌਮ ਦੀ ਚੇਤਨਾਂ ਵਿਚ ਪਰਵੇਸ਼ ਕਰ ਜਾਂਦਾ ਹੈ ਅਤੇ ਜਿਉਂਦੀਆ ਜਾਗਦੀਆ ਕੌਮਾਂ ਸਮਾਂ ਮਿਲਣ 'ਤੇ ਉਸਨੂੰ ਫਿਰ ਸਾਕਾਰ ਕਰ-ਦੀਆਂ ਹਨ। ਉਹ ਬਾਰ ਬਾਰ ਆਪਣੇ ਹੱਕਾਂ ਨੂੰ ਜਿਤ-ਲਾਉਂਦੀਆ ਹਨ, ਘੜੀ ਮੁੜੀ ਆਪਣੀ ਸ਼ਕਤੀ ਨਿਸ਼ਾਨਿਆਂ ਵਲ ਕੇਂਦਰਤ ਕਰਦੀਆਂ ਹਨ। ਗੱਲ ਕੀ ਮੰਜਿਲ ਵਲ ਪਹੁੰਚਣ ਲਈ ਉਹਨਾਂ ਦਾ ਸਫਰ ਨਿਰੰਤਰ ਜਾਰੀ ਰਹਿੰਦਾ ਹੈ। ਸਿੱਖ ਕੌਮ ਲਈ ਲੜ ਰਹੀਆਂ ਜੁਝਾਰੂ ਜਥੇਬੰਦੀਆਂ ਦੇ ਰੋਲ ਨੂੰ ਇਸੇ ਪਰਸੰਗ ਵਿਚ ਦੇਖਿਆ ਜਾਣਾ ਚਾਹੀਦਾ ਹੈ।

## ਜਗ ਜਿੱਤ ਨਾਲ ਹੀ ਮੁਕੇਗੀ।

ਸਿੱਖ ਕੌਮ ਦੀ ਚੇਤਨਾਂ, ਅਰਧਚੇਤਨਾਂ ਤੇ ਨਿਮਨ ਚੇਤਨਾਂ ਵਿਚ ਖਾਮੋਸ਼ ਬੈਠੇ ਅਰਦਾਸ ਦੇ ਇਹ ਸ਼ਬਦ 'ਰਾਜ ਕਰੇਗਾ ਖਾਲਸਾ' ਦੇ ਅਰਥਾਂ ਨੂੰ ਅਸਾਂ ਨਵੇਂ ਸਿਰਿਓਂ ਸੁਰਜੀਤ ਕੀਤਾ ਹੈ ਅਤੇ ਇਹ ਦਸਿਆ ਹੈ ਕਿ ਅਰਦਾਸ ਬ੍ਰਾਹਮਣਵਾਦ ਵਾਂਗ ਮਹਿਜ਼ ਇਕ ਰਟਨਮੰਤਰ ਨਹੀਂ ਇਹ ਜੀਵਨ ਦੀ ਜਿਉਂਦੀ ਜਾਗਦੀ ਹਕੀਕਤ ਹੈ। ਬਸ ਇਹੋ ਸਾਡਾ ਨਿਮਾਣਾਂ ਜਿਹਾ ਯਤਨ ਹੈ। ਜਿਸ ਲਈ ਸਾਨੂੰ ਅਨੇਕ ਸ਼ਹੀਦੀਆਂ ਦੇਣੀਆਂ ਪਈਆਂ ਹਨ ਅਤੇ ਸ਼ਹੀਦੀਆਂ ਦਾ ਇਹ ਸਿਲਸਿਲਾ

---

1. ਬਹੁਤ ਘੱਟ ਲੋਕਾਂ ਨੂੰ ਇਹ ਜਾਣਕਾਰੀ ਹੋਵੇਗੀ ਕਿ ਜਿਸ ਸਰਬੱਤ ਖਾਲਸੇ ਨੇ ਖਾਲਿਸਤਾਨ ਦੇ ਐਲਾਨ ਦੀ ਪੁਸ਼ਟੀ ਕੀਤੀ ਸੀ ਉਸ ਵਿਚ ਹਾਜ਼ਰ ਅਹਿਮ ਵਿਅਕਤੀਆਂ ਵਿਚ ਉਸ ਸਮੇਂ ਦੇ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਪ੍ਰੋ: ਦਰਸ਼ਨ ਸਿੰਘ, ਟਕਸਾਲ ਦੇ ਨੇਤਾ ਬਾਬਾ ਠਾਕਰ ਸਿੰਘ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਸ਼੍ਰੋ-ਣੀ ਕਮੇਟੀ ਦੇ ਉਚ-ਅਧਿਕਾਰੀ ਤੇ ਕਈ ਸੰਪਰਦਾਵਾਂ ਦੇ ਮੁਖੀ ਵੀ ਸ਼ਾਮਲ ਸਨ। ਇਸੇ ਸਰਬੱਤ ਖਾਲਸਾ ਵਿਚ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੀ ਟੇਪ ਸੰਗਤਾਂ ਅੱਗੇ ਪੇਸ਼ ਕੀਤੀ ਗਈ ਤੇ ਉਨ੍ਹਾਂ ਵਲੋਂ ਭੇਜਿਆ ਸਰੋਪਾ ਵੀ ਪ੍ਰੋ: ਦਰਸ਼ਨ ਸਿੰਘ ਨੂੰ ਭੇਟ ਕੀਤਾ ਗਿਆ। ਇਤਿਹਾਸ ਪ੍ਰੋ. ਦਰਸ਼ਨ ਸਿੰਘ ਨੂੰ ਸਵਾਲ ਕਰੇਗਾ ਕਿ ਜੇਕਰ ਉਹਨਾਂ ਨੂੰ ਸਰਬੱਤ ਖਾਲਸਾ ਵਲੋਂ ਪਾਸ ਕੀਤਾ ਗੁਰਮਤਾ ਪ੍ਰਵਾਨ ਨਹੀਂ ਸੀ ਤਾਂ ਉਸਨੇ ਇਸ ਸਬੰਧੀ ਸਰਬੱਤ ਖਾਲਸਾ ਦੀ ਇਕੱਤਰਤਾ ਵਿਚ ਆਪਣੇ ਵਿਚਾਰ ਪ੍ਰਗਟ ਕਿਉਂ ਨਹੀਂ ਕੀਤੇ? ਵਰਤਮਾਨ ਤੇ ਭਵਿੱਖ ਦਾ ਜਾਗਰੂਕ ਖਾਲਸਾ ਕਿਸੇ ਨਾ ਕਿਸੇ ਦਿਨ ਉਹਨਾਂ ਨੂੰ ਜ਼ਰੂਰ ਕਟਹਿਰੇ ਵਿਚ ਖੜ੍ਹਾ ਕਰੇਗਾ।

ਅਜੇ ਵੀ ਜਾਰੀ ਹੈ । ਇਕ ਦਹਾਕਾ ਪਹਿਲਾਂ ਭਾਈ ਗਜਿੰਦਰ ਸਿੰਘ (ਜਹਾਜ਼ ਅਗਵਾਕਾਰ) ਵਲੋਂ ਕਹੇ ਗਏ ਇਹਨਾਂ ਬੋਲਾਂ ਵਿਚ 'ਜੰਗ ਹਿੰਦ ਪੰਜਾਬ ਦਾ ਮੁੜ ਹੋਸੀ ਜਦ ਤਕ ਜਿੱਤਦੀਆਂ ਨਹੀਂ ਜਿਹੜੀਆਂ ਹਾਰੀਆਂ ਸਨ'[2] ਇਤਿਹਾਸਿਕ ਸੱਚ ਹੈ। ਖਾਲਸਾ ਪੰਥ 1849 ਵਿਚ ਹੋਈ ਹਾਰ ਨੂੰ ਜਦੋਂ ਤਕ ਜਿੱਤ ਵਿਚ ਨਹੀਂ ਬਦਲ ਲੈਂਦਾ, ਸਾਡੀ ਇਹ ਲੜਾਈ ਜਾਰੀ ਰਹੇਗੀ। ਇਹ ਜੰਗ ਮੁਕ ਨਹੀਂ ਸਕਦੀ। ਇਹ ਜੰਗ ਅਸੀਂ ਮੁਕਣ ਨਹੀਂ ਦਿਆਂਗੇ। ਇਹ ਜੰਗ ਸਾਡੀ ਜਿੱਤ ਨਾਲ ਹੀ ਮੁਕੇਗੀ।

## ਉਦੇਸ਼ ਕਦੋਂ ਸਪੱਸ਼ਟ ਹੋਇਆ।

ਕਥਿੱਤ ਅਜ਼ਾਦੀ ਤੋਂ ਪਹਿਲਾਂ ਸਿੱਖਾਂ ਨਾਲ ਕੀਤੇ ਵਾਇਦਿਆਂ, ਪੰਜਾਬੀ ਸੂਬੇ ਦੀ ਸਥਾਪਨਾ ਲਈ ਲੜੇ ਗਏ ਅੰਦੋਲਨ, ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿਚੋਂ ਬਾਹਰ ਕੱਢਣ ਦੀ ਸੋਚੀ ਸਮਝੀ ਸਾਜ਼ਿਸ, ਦਰਿਆਈ ਪਾਣੀਆਂ ਦੀ ਵੰਡ ਵੇਲੇ ਕੌਮਾਂਤਰੀ ਤੌਰ 'ਤੇ ਪਰਵਾਨਿਤ ਅਸੂਲਾਂ ਦੀ ਸਰਾਸਰ ਉਲੰ-ਘਣਾ ਅਤੇ ਹੋਰ ਅਨੇਕ ਕਿਸਮ ਦੇ ਵਿਤਕਰਿਆਂ ਤੇ ਧੱਕਿਆਂ ਦੇ ਵਿਸਥਾਰ ਵਿਚ ਅਸੀਂ ਅਜੇ ਨਹੀਂ ਜਾਣਾ ਚਾਹੁੰਦੇ। ਅਸੀਂ ਤਾਂ ਉਸ ਕਹਿਰ ਦੀ ਗੱਲ ਕਰਦੇ ਹਾਂ ਜੋ ਜੂਨ 1984 ਵਿਚ ਸਾਡੇ ਉਤੇ ਢੱਠਾ ਅਤੇ ਜਦੋਂ ਹਿੰਦੂ ਫਿਰਕਾਪ੍ਰਸਤ ਸਰਕਾਰ ਦੀ ਇਕ ਲੱਖ ਫੌਜ ਨੇ ਟੈਂਕਾਂ ਤੋਪਾਂ ਨਾਲ ਲੈਸ ਹੋ ਕੇ ਸਾਡੇ ਪਵਿੱਤਰ ਅਸਥਾਨ ਹਰਿਮੰਦਰ ਸਾਹਿਬ ਉਤੇ ਧਾਵਾ ਬੋਲ ਦਿੱਤਾ। ਸਿਰਫ ਇਸ ਇਕ ਘਟਨਾਂ ਨੇ ਹੀ ਸਾਨੂੰ ਹਿਰਦੇ ਦੀਆਂ ਧੁਰ ਗਹਿਰਾਈਆਂ ਤਕ ਝੰਜੋੜ ਕੇ ਰੱਖ ਦਿੱਤਾ। ਕਈ ਦਹਾਕਿਆਂ ਤੋਂ ਸਾਡੇ ਮਨਾਂ ਉਤੇ ਹਿੰਦੂ ਫਿਰਕਾ-ਪ੍ਰਸਤਾਂ ਬਾਰੇ ਛਾਈ ਹੋਈ ਧੁੰਦ ਸਾਫ ਹੋ ਗਈ। ਜਿਥੇ ਇਹ ਸਾਕਾ ਸਾਡੇ ਲਈ ਅਤੀ ਦੁਖਦਾਈ ਸੀ, ਉਥੇ ਸਾਨੂੰ ਇਉਂ ਵੀ ਮਹਿਸੂਸ ਹੋਇਆ ਜਿਵੇਂ ਇਸ ਘਟਨਾ ਨੇ ਸਾਡੇ ਦਿਮਾਗਾਂ ਨੂੰ ਰੌਸ਼ਨ ਕਰ ਦਿੱਤਾ ਹੈ। ਇਸੇ ਰੌਸ਼ਨੀ ਵਿਚ ਅਸੀਂ ਫਿਰਕਾਪਰਸਤ ਹਿੰਦੂ ਸਾਮਰਾਜ ਦੀਆਂ ਚਾਲਾਂ ਨੂੰ ਬੇਨਕਾਬ ਹੁੰਦੇ ਦੇਖਿਆ ਤੇ ਸਮੁੱਚਾ ਖਾਲਸਾ ਪੰਥ ਭਰਮ-ਮੁਕਤ ਹੋ ਕੇ ਇਕ ਨਵੇਂ ਯੁਗ ਵਿਚ ਪਰਵੇਸ਼ ਕਰ ਗਿਆ। ਸ਼ਾਇਦ ਇਹ ਪਹਿਲੀ ਵਾਰ ਸੀ ਜਦੋਂ ਸਾਰੀ ਕੌਮ ਨੂੰ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਬਾਰ ਬਾਰ ਦੁਹਰਾਏ ਇਹਨਾਂ ਸ਼ਬਦਾਂ ਦੇ ਅਰਥ ਚੰਗੀ ਤਰ੍ਹਾਂ ਸਮਝ ਆਏ ਕਿ "ਸਿੱਖ ਭਾਰਤ ਵਿਚ ਗੁਲਾਮ ਹਨ ਅਤੇ ਅਸੀਂ ਇਹ ਗੁਲਾਮੀ ਗਲੋਂ ਲਾਹੁਣੀ ਹੈ।" 'ਸਾਕਾ ਹਰਿਮੰਦਰ ਸਾਹਿਬ ਨੇ ਸਾਨੂੰ ਆਪਣੇ ਨਿਸ਼ਾਨਿਆਂ ਪ੍ਰਤੀ ਸਪੱਸ਼ਟ ਵੀ ਕੀਤਾ, ਤੇ ਸੁਚੇਤ ਵੀ।

ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀ ਮੁੱਖ ਦੋਸ਼ੀ ਇੰਦਰਾ ਗਾਂਧੀ ਦੇ ਖਾਤਮੇ ਪਿਛੋਂ ਸਿੱਖਾਂ ਦਾ ਵੱਡੀ ਪੱਧਰ 'ਤੇ ਜਿਸ ਤਰ੍ਹਾਂ ਕਤਲੇਆਮ ਹੋਇਆ, ਉਸ ਨਾਲ ਸਾਨੂੰ ਆਪਣੇ ਨਿਸ਼ਾਨਿਆਂ ਵਲ ਵਧਣ ਦਾ ਇਰਾਦਾ ਹੋਰ ਵੀ ਪਰਪੱਕ ਹੋਇਆ। ਸਾਨੂੰ ਆਪਣੀ ਮੰਜ਼ਿਲ ਲਈ ਹਥਿਆਰਬੰਦ ਸੰਘਰਸ਼ ਦਾ ਰਸਤਾ ਚੁਣਨਾਂ ਪਿਆ ਜੋ ਅੱਜ ਵੀ ਜਾਰੀ ਹੈ।

## ਹਥਿਆਰਬੰਦ ਸੰਘਰਸ਼ ਦੀ ਲੋੜ

ਹਿੰਸਾ ਸਾਡਾ ਅਕੀਦਾ ਨਹੀਂ ਅਤੇ ਨਾ ਹੀ ਇਹ ਵਿਹਲ ਵੇਲੇ ਦਾ ਸਾਡਾ ਕੋਈ ਸ਼ੌਂਕ ਹੈ। ਹਿੰਦੂ ਸਾਮਰਾਜ ਦੀਆਂ ਨੀਤੀਆਂ ਤੋਂ ਪੈਦਾ ਹੋਈਆਂ ਹਾਲਤਾਂ ਨੇ ਸਾਨੂੰ ਇਸ ਪਾਸੇ ਵੱਲ ਧਕੇਲ ਦਿੱਤਾ ਹੈ ਪਰ ਸਾਰੇ ਸੰਸਾਰ ਨੂੰ ਪਤਾ ਹੈ ਕਿ 1947 ਤੋਂ ਪਹਿਲਾਂ ਅਤੇ ਧਰਮ ਯੁੱਧ ਮੋਰਚੇ ਤਕ ਅਸੀਂ ਸ਼ਾਂਤਮਈ ਅੰਦੋਲਨ ਦੀਆਂ ਉਹ ਸਿਖਰਾਂ ਛੂਹੀਆਂ ਹਨ ਜੋ ਸਮੁੱਚੇ ਮਾਨਵਤਾ ਦੀਆਂ ਕਦਰਾਂ ਕੀਮਤਾਂ ਦੇ ਇਤਿਹਾਸ ਦਾ ਇਕ ਸੁਨਿਹਰੀ ਅੰਗ ਹਨ ਅਤੇ ਜਿਸ ਉਤੇ ਸਾਨੂੰ ਮਾਣ ਕਰਨ ਦਾ ਪੂਰਾ ਪੂਰਾ ਹੱਕ ਹੈ। ਪਰ ਸਾਨੂੰ ਮਿਲਿਆ ਕੀ? ਕੀ ਇਹਨਾਂ ਅੰਦੋਲਨਾਂ ਦੀ ਕੋਈ ਕਦਰ ਪਈ? ਹਾਂ ਆਜ਼ਾਦੀ ਤੋਂ ਤੁਰੰਤ ਪਿਛੋਂ ਸਾਨੂੰ 'ਜਰਾਇਮ ਪੇਸ਼ਾ ਕੌਮ' ਦਾ ਖਿਤਾਬ ਜ਼ਰੂਰ ਦੇ ਦਿੱਤਾ ਗਿਆ ਅਤੇ ਇਹ ਖਿਤਾਬ ਦੇਣ ਵਾਲਾ ਕੋਈ ਮਾੜਾ ਮੋਟਾ ਬੰਦਾ ਨਹੀਂ ਸੀ ਕਿ ਅਸੀਂ ਭੁਲ ਜਾਈਏ ਜਾਂ ਉਸ ਨੂੰ ਨਜ਼ਰ ਅੰਦਾਜ਼ ਕਰ ਛੱਡੀਏ ਸਗੋਂ ਇਹ ਵਿਅਕਤੀ ਭਾਰਤ ਸਰਕਾਰ ਦੇ ਗ੍ਰਿਹ ਮੰਤਰੀ ਦੇ ਅਹੁਦੇ ਤੇ ਬੈਠਾ ਫਿਰਕਾ-ਪ੍ਰਸਤ ਪਟੇਲ ਸੀ।[3]

ਫਿਰ ਹਰਿਮੰਦਰ ਸਾਹਿਬ ਉਤੇ ਫੌਜ ਦੇ ਧਾਵੇ ਤੋਂ ਪੈਦਾ ਹੋਇਆ ਦਰਦ ਸਾਡੇ ਹੱਡਾਂ ਵਿਚ ਰਚ ਚੁੱਕਾ ਹੈ, ਤੇ ਸਾਡੇ ਲਈ ਇਸ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਰਹਿ ਗਿਆ ਕਿ ਅਸੀਂ ਦਸਮੇਸ਼ ਪਿਤਾ ਦੇ ਇਹਨਾਂ ਬੋਲਾਂ ਉਤੇ ਪਹਿਰਾ ਦਈਏ

'ਚੂੰਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ ॥'

---

2 ਭਾਈ ਗਜਿੰਦਰ ਸਿੰਘ ਦੀ ਇਕ ਵੱਡੀ ਕਵਿਤਾ ਵਿਚੋਂ ਲਈਆਂ ਇਹ ਸਤਰਾਂ ਭੂਤ, ਭਵਿਖ ਤੇ ਵਰਤਮਾਨ ਨੂੰ ਇਕੋ ਸਮੇਂ ਫੜਦੀਆਂ ਤੇ ਛੱਡਦੀਆਂ ਹਨ। ਇਸ ਸਤਰ ਵਿਚ ਇਸ ਹਕੀਕਤ ਦਾ ਐਲਾਨ ਕੀਤਾ ਗਿਆ ਹੈ ਕਿ 1849 ਈਸਵੀ ਵਿਚ ਪੰਜਾਬ ਨੂੰ ਅੰਗਰੇਜ਼ਾਂ (ਹਿੰਦ) ਦੇ ਰਾਜ ਵਿਚ ਮਿਲਾਉਣ ਦੇ 130 ਸਾਲ ਪਿਛੋਂ ਵੀ ਪੰਜਾਬ ਦੇ ਲੋਕਾਂ ਦਾ ਆਜ਼ਾਦੀ ਲਈ ਸੰਗਰਾਮ ਜਾਰੀ ਹੈ। ਇਸ ਤੋਂ ਇਲਾਵਾ 'ਹਿੰਦ' ਤੇ 'ਪੰਜਾਬ' ਦੋ ਵਖਰੀਆਂ ਵਖਰੀਆਂ ਹਕੀਕਤਾਂ ਹਨ ਅਤੇ ਖਾਲਸਾ ਆਪਣੀ 1849 ਦੀ ਹਾਰ ਨੂੰ ਜਿੱਤ ਵਿਚ ਬਦਲਣ ਲਈ ਇਕ ਵਾਰ ਮੁੜ ਜੰਗ ਦਾ ਐਲਾਨ ਕਰਦਾ ਹੈ। ਇਹ ਸਤਰਾਂ ਖਾੜਕੂ ਸਫਾਂ ਨੂੰ ਇਕ ਨਵਾਂ ਹੌਂਸਲਾ ਤੇ ਪੈਗਾਮ ਦਿੰਦੀਆਂ ਹਨ ਜਿਸ ਵਿਚ ਖਾਲਸਾ ਆਪਣੀ ਖੁੱਸੀ ਸ਼ਾਨ ਨੂੰ ਬਹਾਲ ਕਰਨ ਲਈ ਉਤਾਵਲਾ ਹੈ।

ਇਤਿਹਾਸ ਵਿਚ ਕੁਝ ਅਜਿਹੇ ਮੌਕੇ ਵੀ ਆਉਂਦੇ ਹਨ ਜਦੋਂ ਕੌਮਾਂ ਇਕ ਨਵਾਂ ਮੋੜ ਕੱਟ ਰਹੀਆਂ ਹੁੰਦੀਆਂ ਹਨ, ਜਦੋਂ ਕਰਾਰਿਆਂ ਹੱਥਾਂ ਤੋਂ ਬਿਨਾਂ ਵੈਰੀ ਮਿੱਤ ਨਹੀਂ ਹੁੰਦਾ। ਅਜਿਹੇ ਮੌਕਿਆਂ ਉਤੇ ਵਿਚਾਰਾਂ ਨੂੰ ਰੁਸ਼ਨਾਉਣ ਲਈ ਇਨ-ਕਲਾਬੀ ਹਿੰਸਾ ਦੀ ਲੋੜ ਹੁੰਦੀ ਹੈ। ਇਹ ਪਵਿੱਤਰ ਹਿੰਸਾ ਸੁਤੀਆਂ ਕੌਮਾਂ ਨੂੰ ਜਗਾਉਂਦੀ ਹੈ ਅਤੇ ਉਹਨਾਂ ਨੂੰ ਦੁਸ਼ਮਣ ਵਿਰੁੱਧ ਜਥੇਬੰਦ ਕਰਦੀ ਹੈ। ਹਿੰਸਾ ਵਿਚ ਹੀ ਵਿਚਾਰਾਂ ਦਾ ਜੋਸ਼ਾ ਚਲਦਾ ਹੈ। ਹਿੰਸਾ ਦਹਾਕਿਆਂ ਤੋਂ ਕਿਸੇ ਵੀ ਕੌਮ ਉਤੇ ਕੀਤੇ ਜਾਂਦੇ ਅਤਿਆਚਾਰਾਂ ਵਿਰੁਧ ਰੋਹ ਦਾ ਇਕੋ ਇਕ ਪਰਗਟਾਵਾ ਹੈ। ਖਾਲਸਾ ਪੰਥ ਦੀਆਂ ਜੁਝਾਰੂ ਜਥੇਬੰਦੀਆਂ ਹਿੰਸਾ ਨੂੰ ਇਸੇ ਹੀ ਸ਼ਕਲ ਵਿਚ ਸਮਝਦੀਆਂ ਹਨ ਅਤੇ ਲਾਗੂ ਕਰਦੀਆਂ ਹਨ। ਪਵਿੱਤਰ ਹਿੰਸਾ ਨਾਲ ਸਥਿੱਤੀ ਵਿਚ ਇਕ ਸਿਫਤੀ ਤਬਦੀਲੀ (Qualitative change) ਆਉਂਦੀ ਹੈ ਅਤੇ ਕੌਮਾਂ ਛਾਲਾਂ ਮਾਰਦੀਆਂ ਆਪਣੀ ਮੰਜ਼ਿਲ ਵਲ ਵਧੀਆਂ ਹਨ। ਹੱਕੀ ਹਿੰਸਾ ਆਪਣੇ ਸੂਖਮ ਰੂਪ ਵਿਚ ਜ਼ਿੰਦਗੀ ਦੀ ਮਹਾਨ ਕਵਿਤਾ ਹੈ, ਇਕ ਅਮਰ ਸੰਗੀਤ ਹੈ।

## ਬਹਿਸ ਦਾ ਨੁਕਤਾ

ਅੱਜ ਖਾਲਸਾ ਪੰਥ ਦੇ ਸਾਹਮਣੇ ਵਿਚਾਰ ਦਾ ਨੁਕਤਾ ਇਹ ਨਹੀਂ ਕਿ ਹਥਿਆਰਬੰਦ ਸੰਘਰਸ਼ ਲੜਿਆ ਜਾਵੇ ਜਾਂ ਸ਼ਾਂਤਮਈ, ਕਿਉਂਕਿ ਗੁਰੂ ਗੋਬਿੰਦ ਸਿੰਘ ਸਾਹਿਬ ਸਪੱਸ਼ਟ ਸੰਕੇਤ ਕਰਦੇ ਹਨ, "ਸ੍ਰੀ ਮੁਖ ਭਨਯੋਂ ਗਰੀਬ ਨਿਵਾਜ ਸ਼ਸਤ੍ਰਨ ਕੇ ਅਧੀਨ ਹੈ ਰਾਜ।" ਸਗੋਂ ਸਾਡੀ ਵਿਚਾਰ ਤੇ ਸ਼ਕਤੀ ਇਸ ਨੁਕਤੇ ਉਤੇ ਕੇਂਦਰਤ ਹੋਣੀ ਚਾਹੀਦੀ ਹੈ ਕਿ "ਹਥਿਆਰ-ਬੰਦ ਸੰਘਰਸ਼ ਕਿਵੇਂ ?" ਅਰਥਾਤ ਦੂਜੇ ਲਫਜ਼ਾਂ ਵਿਚ ਇਸ ਸੰਘਰਸ਼ ਨੂੰ ਵਧੇਰੇ ਪਰਬੀਨਤਾ ਤੇ ਅਸਰਦਾਇਕ ਢੰਗ ਨਾਲ ਕਿਵੇਂ ਫੈਲਾਇਆ ਜਾਵੇ। ਗੁਰੂਵਾਕ ਹੈ ਕੋਊ "ਕਿਸੀ ਕੋ ਰਾਜ ਨਾ ਦੇਹੈ। ਜੋ ਲੈਹੈ ਨਿਜ ਬਲ ਸੇ ਲੈਹੇ ॥" ਇਸ ਲਈ ਸ਼ਾਂਤ-ਮਈ ਸੰਘਰਸ਼ ਦੀ ਗੱਲ ਕਰਨਾ ਹੀ ਮੂਰਖਤਾ ਹੈ।

## ਖਾਲਸਾ ਅਕਾਲ ਪੁਰਖ ਕੀ ਫੌਜ

ਸਾਨੂੰ ਸਰਦਾਰ ਕਪੂਰ ਸਿੰਘ ਦੇ ਇਹ ਲਫਜ਼ ਯਾਦ ਹਨ ਕਿ ਸਿੱਖ ਜਾਂ ਤਾਂ ਖੁੱਦਮੁਖਤਾਰ (Sovereign) ਹੁੰਦਾ ਹੈ ਜਾਂ ਫਿਰ ਬਾਗੀ (rebel), ਵਿਚ ਵਿਚਾਲੇ ਦੀ ਇਹੋ ਜਿਹੀ ਕੋਈ ਸਥਿੱਤੀ ਨਹੀਂ ਜਿਸ ਵਿਚ ਖਾਲਸਾ ਚੈਨ ਨਾਲ ਵਿਚਰ ਸਕਦਾ ਹੋਵੇ। ਉਹ ਕੇਵਲ ਅਕਾਲ ਪੁਰਖ ਦੀ ਅਧੀਨਗੀ ਨੂੰ ਹੀ ਸਵੀਕਾਰ ਕਰਦਾ ਹੈ ਤੇ ਕੇਵਲ ਉਸ ਅੱਗੇ ਹੀ ਜਵਾਬ ਦੇਹ ਹੈ। ਸਿੱਖ ਪੰਥ ਵਿਚ ਅਕਾਲ ਪੁਰਖ ਕੀ ਮਰਜ਼ੀ (will) ਪੰਥ ਦੀ ਸਮੂਹਕ ਸੋਚ ਦੇ ਰੂਪ ਵਿਚ ਗੁਰਮਤੇ ਰਾਹੀਂ ਰੂਪਮਾਨ ਹੁੰਦੀ ਹੈ। ਪਰ ਜੇਕਰ ਹਾਲਤਾਂ ਵੱਸ ਕੋਈ ਸਮਾਜਿਕ ਜਾਂ ਰਾਜਸੀ ਤਾਕਤ ਉਸ ਉਤੇ ਗਾਲਬ ਹੋਣਾ ਚਾਹ ਜਾਂ ਹੋ ਜਾਏ ਤਾਂ ਅਜਿਹੀ ਹਾਲਤ ਵਿਚ ਖਾਲਸੇ ਦੀ ਭੂਮਿਕਾ (Role) ਇਕ ਬਾਗੀ ਵਾਲੀ ਹੁੰਦੀ ਹੈ ਅਜਿਹਾ ਕੋਈ ਵੀ ਵਿਧਾਨ (System) ਜਾਂ ਸੰਵਿਧਾਨ (Constitution) ਜਿਸ ਵਿਚ ਖਾਲਸਾ ਜੀ ਦੀ ਮਰਜ਼ੀ ਪੂਰੀ ਤਰ੍ਹਾਂ ਰੂਪਮਾਨ ਨਹੀਂ ਹੁੰਦੀ ਤਾਂ ਸਿਖ ਉਸ ਸੰਵਿਧਾਨ ਤੇ ਵਿਧਾਨ ਨੂੰ ਘੜੀ ਮੁੜੀ, ਹਰ ਮੋੜ ਉਤੇ, ਹਰ ਢੰਗ ਤਰੀਕੇ ਨਾਲ ਤੇ ਲਗਾਤਾਰ ਵੰਗਾਰਦਾ ਹੈ ਤੇ ਲੋੜ ਪੈਣ ਉਤੇ ਮੈਦਾਨੇ ਜੰਗ ਵਿਚ ਵੀ ਉਤਰਦਾ ਹੈ।

ਖਾਲਸਾ ਅਕਾਲ ਪੁਰਖ ਕੀ ਫੌਜ ਦਾ ਇਕ ਵਫਾਦਾਰ ਸਿਪਾਹੀ ਹੈ। ਉਸ ਨੇ ਅਜਿਹੀ ਹਰ ਸਮਾਜਿਕ ਤੇ ਰਾਜਸੀ ਬਣਤਰ ਨਾਲ ਅਵੱਸ਼ ਹੀ ਟੱਕਰ ਲੈਣੀ ਹੁੰਦੀ ਹੈ, ਜਿਹੜੀ ਬਣਤਰ ਵਿਚ ਅਕਾਲ ਪੁਰਖ ਦੀ ਮਰਜ਼ੀ ਪ੍ਰਕਾਸ਼ਮਾਨ ਨਹੀਂ ਹੁੰਦੀ।

ਮੌਜੂਦਾ ਹਾਲਤ ਵਿਚ ਜੁਝਾਰੂ ਜਥੇਬੰਦੀਆਂ ਦਾ ਭਾਰਤੀ ਸੰਵਿਧਾਨ ਅਤੇ ਬਹੁ-ਗਿਣਤੀ ਦੀ ਹਿੰਦੂ ਲੀਡਰਸ਼ਿਪ ਵਿਰੁੱਧ ਐਲਾਨੇ-ਜੰਗ ਖਾਲਸਾ ਪੰਥ ਦੀ ਉਪਰੋਕਤ ਇਤਿਹਾਸਕ ਸੋਚ ਪਰਵਾਹ (thought process) ਦਾ ਹੀ ਪ੍ਰਗਟਾਵਾ (manifestation) ਹੈ।

## ਮੰਜ਼ਿਲ 'ਤੇ ਪਹੁੰਚਣ ਲਈ ਸਿਆਸੀ ਸੱਤਾ ਖੋਹਣੀ ਅਹਿਮ ਤੇ ਲਾਜ਼ਮੀ ਪੜਾਅ

ਕਿਸੇ ਵੀ ਜਦੋ-ਜਹਿਦ ਵਿਚ ਸਿਆਸੀ ਸੱਤਾ ਉਤੇ ਕਾਬਜ਼ ਹੋਣ ਦਾ ਸਵਾਲ ਉਸ ਜਦੋਜਹਿਦ ਦਾ ਕੇਂਦਰੀ ਨੁਕਤਾ ਹੁੰਦਾ ਹੈ। ਖਾਲਸਾ ਪੰਥ ਨੇ ਕਿਰਤ ਕਰੋ ਨਾਮ ਜਪੋ ਅਤੇ ਵੰਡ ਕੇ ਛਕੋ ਦੇ ਸਿਧਾਂਤ ਨੂੰ ਜੇਕਰ ਅਮਲੀ ਰੂਪ ਵਿਚ ਸਾਕਾਰ ਕਰਨਾ ਹੈ ਤਾਂ ਉਸ ਨੂੰ ਸਿਆਸੀ ਸੱਤਾ ਨੂੰ ਖੋਹਣਾ ਪਵੇਗਾ। ਗੁਰੂ ਗੋਬਿੰਦ ਸਿੰਘ ਜੀ ਦੇ ਇਹ ਸ਼ਬਦ ਅਜ ਵੀ ਸਦੀਵੀ ਸੱਚ ਹਨ ਕਿ "ਰਾਜ ਬਿਨਾਂ ਨਹਿ ਧਰਮ ਚਲੇ ਹੈ।" ਅਤੇ "ਕਉ ਕਿਸੀ ਕੋ ਰਾਜ ਨਾ ਦੇਹੈ, ਜੋ ਲੇ ਹੈ ਨਿਜ ਬਲ ਸੇ ਲੈ ਹੈ।"

3. ਇਥੇ ਇਹ ਚੇਤੇ ਕਰਾਇਆ ਜਾਂਦਾ ਹੈ ਕਿ ਉਸ ਸਮੇਂ ਦੇ ਗ੍ਰਹਿਮੰਤਰੀ ਫਿਰਕਾਪ੍ਰਸਤ ਪਟੇਲ ਨੇ ਜਿਹੜਾ ਸਰਕੂਲਰ ਜਾਰੀ ਕੀਤਾ ਸੀ ਉਸ ਵਿਚ ਸਿੱਖਾਂ ਨੂੰ ਜਰਾਇਮ ਪੇਸ਼ਾ ਕੌਮ ਦਸ ਕੇ ਉਨ੍ਹਾਂ ਨੂੰ ਕੁਚਲਣ ਦੀ ਹਦਾਇਤ ਕੀਤੀ ਗਈ ਸੀ। ਮਗਰੋਂ ਇਹੋ ਸਰਕੂਲਰ ਸੀ ਜਿਸ ਦਾ ਵਿਰੋਧ ਸ: ਕਪੂਰ ਸਿੰਘ ਆਈ ਸੀ. ਐਸ. ਨੇ ਕੀਤਾ ਅਤੇ ਜਿਸ ਦੀ ਸਜ਼ਾ ਇਹ ਮਿਲੀ ਕਿ ਉਨ੍ਹਾਂ ਨੂੰ ਨੌਕਰੀ ਤੋਂ ਡਿਸਮਿਸ ਕੀਤਾ ਗਿਆ। ਉਹਨਾਂ ਦੀ ਪੁਸਤਕ 'ਸਾਚੀ ਸਾਖੀ' ਵਿਚ ਦਰਜ ਜੋ ਦੁਖਾਂਤ ਸ: ਕਪੂਰ ਸਿੰਘ ਨਾਲ ਵਾਪਰਿਆ ਉਹ ਅੱਜ ਸਮੁੱਚੀ ਕੌਮ ਦਾ ਦੁਖਾਂਤ ਹੈ। ਇਹੋ ਪਟੇਲ ਸੀ ਜਿਹੜਾ ਆਪਣੇ ਨਜ਼ਦੀਕੀ ਸਾਥੀਆਂ ਨੂੰ ਕਿਹਾ ਕਰਦਾ ਸੀ ਕਿ 'ਇਨ੍ਹਾਂ ਸਿੱਖਾਂ ਦਾ ਮੂੰਹ ਹਰ ਸਮੇਂ ਬਾਘੇ (ਪਾਕਿਸਤਾਨ) ਵਲ ਲਗਾ ਰਹਿੰਦਾ ਹੈ। ਇਸ ਮੂੰਹ ਨੂੰ ਦਿੱਲੀ ਵਲ ਮੋੜਨ ਦੀ ਲੋੜ ਹੈ।'

ਅੱਜ ਜਿਹੜੇ ਵਿਅਕਤੀ ਸਿਆਸੀ ਸੱਤਾ ਆਪਣੇ ਹੱਥ ਵਿਚ ਲਏ ਤੋਂ ਬਿਨਾਂ ਸਿੱਖੀ ਸਿਧਾਂਤਾਂ ਦੀ ਗੱਲ ਕਰਦੇ ਹਨ ਉਹਨਾਂ ਦੀ ਪਹੁੰਚ ਧਰਮ ਨੂੰ ਨਿੱਜੀ ਹਿੱਤਾਂ ਲਈ ਵਰਤਣਾ ਹੈ ਜਦਕਿ ਖਾਲਸਾ ਪੰਥ ਨੇ ਸਿਆਸੀ ਸੱਤਾ 'ਤੇ ਕਾਬਜ਼ ਹੋ ਕੇ ਸਿੱਖੀ ਸਿਧਾਂਤਾਂ ਦੇ ਅਨੁਕੂਲ ਸਮਾਜ ਦੀ ਕਾਇਆ ਕਲਪ ਕਰਨੀ ਹੈ। ਅਸੀਂ ਇਹ ਵੀ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਜਿਹੜੇ ਲੋਕ ਨੇਕ ਚੱਲਣ ਦੇ ਸਰਟੀਫਿਕੇਟ ਲੈਣ ਲਈ ਸੱਤਾ ਅਗੇ ਲਿਲਕੜੀਆਂ ਲੈਂਦੇ ਹਨ, ਉਹਨਾਂ ਦੀ ਲੜਾਈ ਕੁਝ ਰਿਆਇਤਾਂ ਹਾਸਲ ਕਰਨ ਤਕ ਹੀ ਸੀਮਤ ਹੈ ਅਤੇ ਕੌਮ ਦੇ ਮਹਾਨ ਆਦਰਸ਼ਾਂ ਨਾਲ ਉਹਨਾਂ ਨੂੰ ਕੋਈ ਸਰੋਕਾਰ ਨਹੀਂ। ਅਸੀਂ ਇਹਨਾਂ ਤਾਕਤਾਂ ਅਤੇ ਵਿਅਕਤੀਆ ਵਿਰੁੱਧ ਆਪਣਾ ਸੰਘਰਸ਼ ਜਾਰੀ ਰੱਖਾਂਗੇ।

### ਕੇਂਦਰ ਨਾਲ ਗੱਲਬਾਤ ਹੋਵੇ[4]

ਬੀਤੇ ਵਿਚ ਪੈਰ ਪੈਰ 'ਤੇ ਹੋਏ ਕੌੜੇ ਤਜਰਬਿਆਂ ਦੀ ਰੋਸ਼ਨੀ ਵਿਚ ਸਾਨੂੰ ਇਹ ਗੱਲ ਮੰਨਕੇ ਹੀ ਤੁਰਨਾ ਚਾਹੀਦਾ ਹੈ ਕਿ ਦਿੱਲੀ ਵਿਚ ਬੈਠੀ ਹਿੰਦੂ ਫਿਰਕਾਪ੍ਰਸਤ ਸਰਕਾਰ ਤੱਤ ਰੂਪ (in essence) ਵਿਚ ਸਿੱਖਾਂ ਨੂੰ ਆਪਣਾ ਦੁਸ਼ਮਣ ਸਮਝਦੀ ਹੈ। ਇਹ ਦੁਸ਼ਮਣੀ 1947 ਤੋਂ ਪਿਛੋਂ ਘਿਨਾਉਣੇ ਰੂਪ ਵਿਚ ਵਾਰ-ਵਾਰ ਪ੍ਰਗਟ ਹੁੰਦੀ ਰਹੀ ਹੈ। ਇਸ ਜਬਰ ਤੇ ਵਿਤਕਰੇ ਦੇ ਵਿਸਥਾਰ ਵਿਚ ਜਾਣ ਦੀ ਬਹੁਤੀ ਲੋੜ ਨਹੀਂ ਕਿਉਂਕਿ ਇਹ ਸੱਚ ਹੁਣ ਆਮ ਸਿੱਖ ਚੇਤਨਾ ਦਾ ਇਕ ਅੰਗ ਬਣ ਚੁਕਿਆ ਹੈ। ਅਸੀਂ ਬੜੇ ਸਤਿਕਾਰ ਨਾਲ ਅਕਾਲ ਤਖਤ ਸਾਹਿਬ ਨੂੰ ਬੇਨਤੀ ਕਰਦੇ ਹਾਂ ਕਿ ਭਾਰਤੀ ਹਿੰਦੂ ਸਟੇਟ ਦੇ ਉਪਰੋਕਤ ਬੁਨਿਆਦੀ ਲੱਛਣ' (essential character) ਨੂੰ ਧਿਆਨ ਵਿਚ ਰੱਖਕੇ ਹੀ ਉਸ ਵੱਲ ਰਵੱਈਆ, ਪੈਂਤੜਾ, ਤੇ ਲੰਮੇ ਅਰਸੇ ਦੀ ਨੀਤੀ (long term policy) ਅਖਤਿਆਰ ਕਰਨੀ ਚਾਹੀਦੀ ਹੈ।

ਉਂਝ ਅਸੀਂ ਗੁਰੂ ਘਰ ਦੀਆਂ ਰਵਾਇਤਾਂ ਅਨੁਸਾਰ ਕਿਸੇ ਵੀ ਮਸਲੇ 'ਤੇ ਹਾਕਮ ਧਿਰ ਨਾਲ ਗਲਬਾਤ ਕਰਨ ਦੇ ਉੱਕਾ ਪੁੱਕਾ ਵਿਰੁੱਧ ਨਹੀਂ ਪਰ ਨਾਲ ਹੀ ਸਾਡੀ ਪੱਕੀ ਧਾਰਨਾ ਹੈ ਕਿ ਗੱਲਬਾਤ ਰਾਹੀਂ ਮਸਲੇ ਦਾ ਨਿਪਟਾਰਾ ਹਾਕਮ ਧਿਰ ਦੀ ਸੁਹਿਰਦਤਾ ਤੇ ਦਿਆਨਤਦਾਰੀ ਉਤੇ ਹੀ ਨਿਰਭਰ ਕਰਦਾ ਹੈ। ਹੁਣ ਤਕ ਦੇ ਅਮਲ ਨੇ ਤਾਂ ਸਾਨੂੰ ਇਹੋ ਹੀ ਸਿਖਾਇਆ ਹੈ ਕਿ ਹਾਕਮ ਧਿਰ ਵਲੋਂ ਗਲਬਾਤ ਲਈ ਆਈ ਕੋਈ ਵੀ ਪੇਸ਼ਕਸ਼ ਮਸਲੇ ਨੂੰ ਨਿਪਟਾਉਣ ਦੀ ਦਿਲੀ ਭਾਵਨਾ ਅਤੇ ਸਾਫ਼ ਨੀਯਤ ਵਿਚੋਂ ਨਹੀਂ ਉਪਜੀ, ਸਗੋਂ ਇਸ ਦਾ ਉਦੇਸ਼ ਸਿਖ ਸੰਘਰਸ਼ ਨੂੰ ਅੰਦਰੋਂ ਢਾਹ ਲਾਉਣਾ, ਸਿਖ ਸਫਾਂ ਵਿਚ ਬੇ-ਵਿਸ਼ਵਾਸੀ, ਵਿਰੋਧ ਤੇ ਟਕਰਾ ਦਾ ਮਾਹੌਲ ਪੈਦਾ ਕਰਨ ਦੀ ਕੂਟ ਨੀਤੀ ਤਕ ਹੀ ਸੀਮਤ ਰਿਹਾ ਹੈ।

ਹਰ ਕੋਈ ਜਾਣਦਾ ਹੈ ਕਿ ਪਿਛਲੇ 40 ਵਰ੍ਹਿਆਂ ਵਿਚ ਵੱਖ-ਵੱਖ ਮੌਕਿਆਂ 'ਤੇ ਸਿਖਾਂ ਨਾਲ ਹੋਏ ਸਮਝੌਤੇ ਅਤੇ ਕਮਿਸ਼ਨਾਂ ਦੇ ਫੈਸਲੇ ਅਤੇ ਅਵਾਰਡਾਂ ਵਿਚੋਂ ਅਜਿਹਾ ਹੀ ਮਿਲਿਆ ਹੈ। ਇਸੇ ਲਈ ਜਦੋਂ ਸਵਾਮੀਆਂ, ਸਾਧੂਆਂ, ਮੁਨੀਆਂ, ਫਿਲਮੀ ਕਲਾਕਾਰਾਂ ਤੇ ਹੋਰ ਭਾਂਤ ਭਾਂਤ ਦੇ ਵਿਚੋਲੇ ਸਾਡੇ ਕੋਲ ਗੱਲਬਾਤ ਤੇ ਸਮਝੌਤੇ ਦੀ ਪੇਸ਼ਕਸ਼ ਲੈ ਕੇ ਆਉਂਦੇ ਹਨ ਤਾਂ ਅਜਿਹੇ ਮੌਕਿਆ, 'ਤੇ ਪਿਛਲੇ 40 ਸਾਲਾਂ ਵਿਚ ਸਾਡੇ ਨਾਲ ਕੀਤੇ ਵਿਸ਼ਵਾਸਘਾਤਾਂ ਦੀ ਇਹ ਲੜੀ ਸਾਡੇ ਸਾਹਮਣੇ ਇਕ ਦ੍ਰਿਸ਼ ਵਾਂਗ ਘੁੰਮ ਜਾਂਦੀ ਹੈ। ਇਸ "ਰਸਗੁੱਲਾ ਸਿਆਸਤ" ਤੋਂ ਕੋਈ ਲੌਂਗੋਵਾਲ ਵਰਗਾ ਸਾਧ ਤਾਂ ਪਤਿਆਇਆ ਤੇ ਭਰਮਾਇਆ ਜਾ ਸਕਦਾ ਹੈ ਪਰ ਜੁਝਾਰੂ ਜਥੇਬੰਦੀਆਂ ਗੁਰੂ ਘਰ ਦੀ ਅਪਾਰ ਕਿਰਪਾ ਨਾਲ ਇਸ ਤੋਂ ਮੁਕਤ ਹਨ। ਪਰ ਉਕਤ ਕੌੜੇ ਤਜਰਬਿਆਂ ਦੇ ਬਾਵਜੂਦ

---

4. ਪ੍ਰੋ: ਦਰਸ਼ਨ ਸਿੰਘ ਦੀਆਂ 'ਖੁਲ੍ਹੀਆਂ ਕਨਵੈਨਸ਼ਨਾਂ' ਅਤੇ 'ਕੇਂਦਰ ਨਾਲ ਗੱਲਬਾਤ' ਅਸਲ ਵਿਚ ਇਕੋ ਤਸਵੀਰ ਦੇ ਦੋ ਪਾਸੇ ਸਨ ਅਤੇ ਅੱਜ ਵੀ ਇਸ ਨੀਤੀ ਤੋਂ ਬਹੁਤ ਸੁਚੇਤ ਹੋ ਕੇ ਹੀ ਅੱਗੇ ਵਧਿਆ ਜਾ ਸਕਦਾ ਹੈ। ਇਹ ਯੋਜਨਾਬੱਧ ਪ੍ਰੋਗਰਾਮ ਭਾਵੇਂ ਉਸ ਸਮੇਂ ਪ੍ਰੋ: ਦਰਸ਼ਨ ਸਿੰਘ ਦਾ ਵਿਉਂਤਿਆ ਹੋਇਆ ਸੀ ਪਰ ਇਸ ਦੇ ਸਾਰੇ ਤੱਤ ਜੁਝਾਰ ਜਥੇਬੰਦੀਆਂ ਨੂੰ 'ਭਵਿੱਖ ਦੇ ਦਰਸ਼ਨ ਸਿੰਘਾਂ' ਤੋਂ ਸੁਚੇਤ ਕਰਦੇ ਰਹਿਣਗੇ। ਸ਼ਬਦਾਂ ਦਾ ਇਹ ਧਨੀ ਜਾਦੂਗਰ ਖੁਲ੍ਹੀਆਂ ਕਨਵੈਨਸ਼ਨਾਂ ਰਾਹੀਂ ਇਕ ਪਾਸੇ ਆਪਣੇ ਆਪ ਨੂੰ 'ਕੌਮ ਦਾ ਇਕੋ ਇਕ ਜਰਨੈਲ' ਘੋਸ਼ਿਤ ਕਰਾਉਣਾ ਚਾਹੁੰਦਾ ਸੀ ਤੇ ਦੂਜੇ ਪਾਸੇ ਪੰਥਕ ਕਮੇਟੀ ਤੇ ਹੋਰ ਖਾੜਕੂ ਜਥੇਬੰਦੀਆਂ ਦੇ ਨਿਗੂਣੇ ਤੇ ਨਿੱਕੇ ਨਿੱਕੇ ਆਪਸੀ ਮਤਭੇਦਾਂ ਨੂੰ ਉਛਾਲ ਕੇ ਉਹਨਾਂ ਨੂੰ ਅਲੱਗ ਥਲੱਗ ਕਰਨਾ ਚਾਹੁੰਦਾ ਸੀ ਤਾਂ ਜੋ ਕੇਂਦਰ ਨਾਲ ਗੱਲਬਾਤ ਦਾ ਰਾਹ ਪੱਧਰਾ ਹੋ ਸਕੇ। ਸੁਸ਼ੀਲ ਮੁਨੀ, ਸੁਨੀਲ ਦੱਤ ਵਰਗੇ ਹਿੰਦੂ ਸਾਧੂ ਤੇ ਫਿਲਮੀ ਕਲਾਕਾਰ ਪ੍ਰੋ: ਦਰਸ਼ਨ ਸਿੰਘ ਨੂੰ 'ਮੰਜ਼ਿਲ' ਉਤੇ ਪਹੁੰਚਾਉਣ ਲਈ ਸਾਧਨ ਬਣ ਰਹੇ ਸਨ। ਪਰ ਜੁਝਾਰੂ ਸਿੰਘਾਂ ਨੇ ਸਪੱਸ਼ਟ ਲਕੀਰ ਖਿੱਚ ਕੇ ਰਾਗੀ ਦੀਆਂ ਸਭ ਚਾਲਾਂ ਨੂੰ ਮਿੱਟੀ ਵਿਚ ਮਿਲ ਦਿਤਾ। ਪਾਠਕ ਹੁਣ ਚੰਗੀ ਤਰ੍ਹਾਂ ਇਹ ਮਹਿਸੂਸ ਕਰ ਲੈਣਗੇ ਕਿ ਖਾੜਕੂਆਂ ਦੀ ਪ੍ਰੋ: ਦਰਸ਼ਨ ਸਿੰਘ ਦੇ ਕਿਰਦਾਰ ਬਾਰੇ ਭਵਿੱਖ ਬਾਣੀ ਕਿੰਨੀ ਸਹੀ ਸਾਬਤ ਹੋਈ। ਹੁਣ ਇਹੋ ਦਰਸ਼ਨ ਸਿੰਘ 'ਖਾਲਿਸਤਾਨ' ਦੇ ਵਿਰੁੱਧ ਬੋਲਦਾ ਹੈ ਤੇ ਭਾਰਤੀ ਸੰਵਿਧਾਨ ਵਿਚ ਅਪਾਰ ਸ਼ਰਧਾ ਰੱਖ ਕੇ ਇਸ ਦੇ ਦਿਨ ਰਾਤ ਸੋਹਲੇ ਗਾਉਂਦਾ ਹੈ। ਇਹ ਹੈ ਖ਼ਾਲਸਾ ਪੰਥ ਦੀ ਮੰਝਧਾਰ ਵਿਚ ਡਿਕਡੋਲੇ ਖਾਂਦੀ ਬੇੜੀ ਨੂੰ ਕੰਢੇ ਲਾਉਣ ਵਾਲੇ ਸਾਡੇ ਮਲਾਹ! ਫਿਰ ਵੀ ਇਹ ਆਪਣੇ ਆਪ ਨੂੰ ਅਕਾਲ ਤਖਤ ਦਾ ਜਥੇਦਾਰ ਅਖਵਾ ਰਿਹਾ ਹੈ।

ਜੇਕਰ ਅਜ ਵੀ ਕੁਝ ਅਨਸਰ ਸਿਖ ਕਮ ਨੂੰ ਇਕ ਵਾਰ ਫਿਰ "ਰਸਗੁੱਲਾ ਸਿਆਸਤ"[5] ਦੇ ਚੱਕਰਾਂ ਵਿਚ ਉਲਝਾਉਣ ਦਾ ਯਤਨ ਕਰ ਰਹੇ ਹਨ ਤਾਂ ਅਸੀਂ ਇੰਨਾ ਹੀ ਕਹਾਂਗੇ ਕਿ ਉਹਨਾਂ ਦੀ ਸੂਝ ਤੇ ਨੀਯਤ ਦੋਵਾਂ ਉਤੇ ਇਕ ਗੰਭੀਰ ਸਵਾਲੀਆ ਚਿੰਨ੍ਹ ਲੱਗ ਗਿਆ ਹੈ। ਅਸੀਂ ਅਜਿਹੇ ਲੋਕਾਂ ਨੂੰ ਅਪੀਲ ਕਰਾਂਗੇ ਕਿ ਉਹ ਦੁਬਿਧਾ ਛੱਡ ਕੇ ਮੈਦਾਨ ਵਿਚ ਆਉਣ ਤੇ ਸਿਖਾਂ ਦੇ ਸ਼ਾਨਾਂ ਮਤੇ ਇਤਿਹਾਸ ਨੂੰ ਕੁਝ ਰਿਆਇਤਾਂ ਲੈ ਕੇ ਹੀ ਕਲੰਕਤ ਨਾ ਕਰਨ। ਜੇਕਰ ਉਹ ਮੌਜੂਦਾ ਸੰਘਰਸ਼ ਵਿਚ ਆਪਣਾ ਬਣਦਾ ਹਿੱਸਾ ਨਹੀਂ ਪਾ ਸਕਦੇ ਤਾਂ ਸਿਖ ਨੌਜਵਾਨਾਂ ਦੀ ਮੰਜ਼ਿਲ ਦੇ ਰਾਹ ਵਿਚ ਰੋੜਾ ਵੀ ਨਾ ਬਣਨ। ਕਿਤੇ ਅਜਿਹਾ ਨਾ ਹੋ ਜਾਵੇ ਕਿ ਸਿਖ ਨੌਜਵਾਨਾਂ ਨੂੰ ਆਪਣੇ ਰਾਹ ਵਿਚੋਂ ਰੋੜੇ ਵੀ ਚੁਣਨੇ ਪੈਣ। ਲੱਗਦੇ ਹੱਥ ਇਕ ਹੋਰ ਗੱਲ ਵੀ ਸਪੱਸ਼ਟ ਹੋ ਜਾਏ ਕਿ ਕੇਂਦਰ ਨਾਲ ਕੋਈ ਵੀ ਗਲਬਾਤ ਖਾਲਿਸਤਾਨ ਦੇ ਬੁਨਿਆਦੀ ਸਿਧਾਂਤ ਦੀ ਹਕੀਕਤ ਨੂੰ ਮੰਨਣ ਪਿਛੋਂ ਹੀ ਅੱਗੇ ਤੋਰੀ ਜਾ ਸਕਦੀ ਹੈ। ਜੁਝਾਰੂ ਸਿੰਘ ਸਰਬੱਤ ਖਾਲਸੇ ਵਲੋਂ ਮਿਥੇ ਇਸ ਨਿਸ਼ਾਨੇ ਉਤੇ ਡੱਟਕੇ ਪਹਿਰਾ ਦੇਣਗੇ।

## ਢੱਠੇ ਖੂਹ ਵਿਚ ਪਵੇ ਏਕਤਾ ਤੇ ਅਖੰਡਤਾ

ਭਾਰਤ ਦੇ ਮਕਾਰ ਹਾਕਮੋ, ਪਿਛਲੇ ਕੁਝ ਵਰ੍ਹਿਆਂ ਤੋਂ ਤੁਹਾਡੇ ਵਲੋਂ ਭਾਰਤ ਦੀ ਏਕਤਾ ਤੇ ਅਖੰਡਤਾ ਲਈ ਪਾਇਆ ਜਾ ਰਿਹਾ ਚੀਕ ਚਿਹਾੜਾ ਵੀ ਸਾਡੇ ਲਈ ਕੋਈ ਬਹੁਤਾ ਅਰਥ ਨਹੀਂ ਰੱਖਦਾ, ਭਾਵੇਂ ਅਸੀਂ ਤੁਹਾਡੀਆਂ ਇਹਨਾਂ ਚਾਲਾਂ ਤੋਂ ਸੁਚੇਤ ਹਾਂ। ਤੁਹਾਡੇ ਇਹ ਸ਼ਬਦ "ਕੁਚਲ ਦੇਵਾਂਗੇ", "ਖਤਮ ਕਰ ਦੇਵਾਂਗੇ" "ਬੀਜ ਨਾਸ ਕਰ ਦਿਆਂਗੇ" ਤੇ ਕਈ ਹੋਰ ਇਹੋ ਜਿਹੇ ਡਰਾਵੇ ਵੀ ਦਸਮੇਸ਼ ਦੇ ਪੁੱਤਰਾਂ ਨੂੰ ਆਪਣੇ ਨਿਸ਼ਾਨੇ ਤੋਂ ਹੁਣ ਲਾਂਭੇ ਨਹੀਂ ਲਿਜਾ ਸਕਦੇ। ਅਸੀਂ ਇਹ ਐਲਾਨ ਵੀ ਉਸ ਸਮੇਂ ਕਰ ਰਹੇ ਹਾਂ ਜਦੋਂ ਤੁਸਾਂ ਸਾਡੇ ਉੱਤੇ ਤਸ਼ੱਦਦ ਦੀ ਇੰਤਹਾ ਕਰ ਦਿੱਤੀ ਹੈ। ਜਦੋਂ ਹਰ ਰੋਜ਼ ਕਿਤੇ ਨਾ ਕਿਤੇ ਸਾਡਾ ਕੋਈ ਸਿੰਘ ਸ਼ਹਾਦਤ ਦਾ ਜਾਮ ਪੀਂਦਾ ਹੈ ਇਸ ਲਈ ਤੁਸੀਂ ਏਕਤਾ ਅਤੇ ਅਖੰਡਤਾ ਦਾ ਬਹੁਤਾ ਰੌਲਾ ਨਾ ਪਾਇਆ ਕਰੋ, ਕਿਉਂਕਿ ਜਦੋਂ ਤੁਸੀਂ ਪੂਰੀ ਸ਼ਕਤੀ ਅਤੇ ਪੂਰੇ ਸਾਧਨ ਝੋਕ ਕੇ ਜ਼ੋਰ ਨਾਲ ਚੀਕਦੇ ਹੋ ਕਿ "ਸੰਸਾਰ ਦੀ ਕੋਈ ਵੀ ਤਾਕਤ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਤੋੜ ਨਹੀਂ ਸਕਦੀ" ਉਸ ਸਮੇਂ ਬੀਤੇ ਦੇ ਅਤੇ ਵਰਤਮਾਨ ਇਤਿਹਾਸਕਾਰ ਤੁਹਾਡੇ ਇਹਨਾਂ ਬੋਲਾਂ ਉਤੇ ਹੱਸ ਹੀ ਸਕਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ "ਦਮ ਵਾਲੇ ਲੋਕ" ਹਕੂਮਤਾਂ ਦੀਆਂ ਹੱਦਾਂ ਤੋੜਦੇ ਰਹਿੰਦੇ ਹਨ ਤੇ ਨਵੀਆਂ ਸਿਰਜਦੇ ਰਹਿੰਦੇ ਹਨ। ਸਿਰਫ ਇਤਿਹਾਸ ਦੀ ਭਾਵਨਾ ਤੋਂ ਕੋਰੇ ਲੋਕ ਹੀ ਅਜਿਹੀਆਂ ਬੇਥਵੀਆਂ ਗੱਲਾਂ ਕਰਦੇ ਹਨ। ਤੁਸੀਂ ਜਿੰਨੇ ਜ਼ੋਰ ਨਾਲ ਏਕਤਾ ਅਤੇ ਅਖੰਡਤਾ ਦਾ ਚੀਕ ਚਿਹਾੜਾ ਪਾਉਂਦੇ ਹੋ ਉਸ ਤੋਂ ਵੀ ਕਈ ਗੁਣਾਂ ਤੁਹਾਨੂੰ ਧੁਰ ਅੰਦਰ ਇਹ ਮਹਿਸੂਸ ਹੁੰਦਾ ਹੈ ਕਿ ਏਕਤਾ ਅਤੇ ਅਖੰਡਤਾ ਦੇ ਮਹੱਲ ਤਿੜਕ ਰਹੇ ਹਨ। ਇਹੋ ਜਿਹੇ ਵੇਲੇ ਤੁਸੀਂ ਸਾਡੇ ਨਿਸ਼ਾਨੇ "ਖਾਲਿਸਤਾਨ" ਦੀ ਪੁਸ਼ਟੀ ਹੀ ਕਰ ਰਹੇ ਹੁੰਦੇ ਹੋ। ਅਸੀਂ ਤੁਹਾਡੀ ਇਸ ਮਾਨਸਿਕ ਸਥਿੱਤੀ ਨੂੰ ਚੰਗੀ ਤਰ੍ਹਾਂ ਸਮਝਦੇ ਹਾਂ।

## ਖੁਲ੍ਹੀਆਂ ਕਨਵੈਨਸ਼ਨਾਂ ਕਿਸ ਹੱਦ ਤਕ ਵਾਜਿਬ ?

ਹਰ ਇਤਿਹਾਸਕ ਸੰਗਰਾਮ ਵਿਚ ਕੁਝ ਗੱਲਾਂ ਅਜਿਹੀਆਂ ਹੁੰਦੀਆਂ ਹਨ ਜਿਹਨਾਂ ਨੂੰ ਜਦੋਜਹਿਦ ਦੀ ਸਫਲਤਾ ਲਈ ਗੁਪਤ ਰੱਖਣਾ ਲਾਜ਼ਮੀ ਲੋੜ ਹੁੰਦੀ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਆਪਣੀ ਕੌਮ ਕੋਲੋਂ ਕੁਝ ਲੁਕਾ ਰਹੇ ਹਾਂ। ਸਾਡਾ ਭਾਵ ਇਹ ਹੈ ਕਿ ਜਦੋਂ ਅਸੀਂ ਆਪਣੇ ਮਨੋਰਥਾਂ ਦਾ ਖੁਲ੍ਹੇਆਮ ਐਲਾਨ ਕਰਦੇ ਹਾਂ ਤਾਂ ਅਸੀਂ ਦੁਸ਼ਮਣ ਨੂੰ ਆਪਣੇ ਹੀ ਵਿਰੁੱਧ ਇਕ ਲੰਬੇ ਅਰਸੇ ਦੀ (long term strategys planning) ਰਣਨੀਤੀ ਤੇ ਯੋਜਨਾਂ ਅਖਤਿਆਰ ਕਰਨ ਦਾ ਸੁਨਿਹਰੀ ਮੌਕਾ ਦਿੰਦੇ ਹਾਂ। ਇਹ ਗੱਲ ਸਾਡੇ ਲਈ ਘਾਤਕ ਸਿੱਧ ਹੋ ਸਕਦੀ ਹੈ। ਅਸੀਂ ਖੁਲ੍ਹੀਆਂ ਕਨਵੈਨਸ਼ਨਾਂ ਦਾ ਵਿਰੋਧ ਨਹੀਂ ਕਰਦੇ ਅਤੇ ਨਾ ਹੀ

---

5. ਖਾੜਕੂਆਂ ਦੇ ਸੱਤਾ ਉਤੇ ਕਾਬਜ਼ ਹੋਣ ਦੀ ਸੰਭਾਵਨਾ ਨੂੰ ਖਤਮ ਕਰਨ, ਖਾੜਕੂ ਰਾਜਨੀਤੀ ਨੂੰ ਭੰਬਲਭੂਸੇ ਵਿਚ ਪਾਉਣ ਅਤੇ ਸਿਰਾਂ ਉਤੇ ਮੰਡਾਸੇ ਬੰਨ੍ਹ ਕੇ ਰਣਤੱਤੇ ਵਿਚ ਲੜ ਰਹੇ ਸ਼ੇਰ ਦੂਲਿਆਂ ਦੀ ਸ਼ਕਤੀ ਨੂੰ ਖਿੰਡਾਉਣ ਦੇ ਕਪਟੀ ਇਰਾਦੇ ਨਾਲ ਕੇਂਦਰ ਵਲੋਂ ਰੋਹ ਵਿਚ ਆਏ ਸਿੱਖ ਜਜ਼ਬਿਆਂ ਨੂੰ ਠੰਡਾ ਕਰਨ ਲਈ ਅਗਸਤ 1985 ਵਿਚ ਲੌਂਗੋਵਾਲ ਦੀ ਅਗਵਾਈ ਹੇਠਲੀ ਬਦਨਾਮ ਜੁੰਡਲੀ ਅੱਗੇ ਸੁਟੇ ਜਾਲ ਨੂੰ ਖਾੜਕੂਆਂ ਨੇ 'ਰਸਗੁੱਲਾ ਸਿਆਸਤ' ਦਾ ਨਾਂਅ ਦਿਤਾ ਹੈ। ਇਸ ਰਾਜਨੀਤੀ ਦਾ ਜਨਮ ਉਦੋਂ ਹੋਇਆ ਜਦੋਂ ਲੌਂਗੋਵਾਲ ਸਾਧ ਨੇ ਪੰਜਾਬ ਦੀ ਧਰਤੀ ਦੇ ਜਾਇਆਂ ਦੇ ਪਰਚੰਡ ਗੁੱਸੇ ਨੂੰ ਆਪਣੇ ਪੈਰਾਂ ਹੇਠ ਲਤੜ ਕੇ ਕੇਂਦਰ ਨਾਲ ਇਕ ਗਦਾਰੀ ਭਰਿਆ ਸਮਝੌਤਾ ਕੀਤਾ ਜਿਸ ਉਤੇ ਦਸਤਖਤ ਹੋਣ ਪਿਛੋਂ ਰਾਜੀਵ ਨੇ ਲੌਂਗੋਵਾਲ ਸਾਧ ਤੇ ਉਸ ਦੀ ਜੁੰਡਲੀ ਦੇ ਮੂੰਹ ਵਿਚ ਰਸਗੁੱਲੇ ਪਾ ਕੇ ਆਪਣੀ ਮਣਾਂ ਮੂੰਹੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਖਾੜਕੂਆਂ ਨੇ ਇਸ ਸਮੁੱਚੇ ਵਰਤਾਰੇ ਨੂੰ 'ਰਸਗੁੱਲਾ ਸਿਆਸਤ' ਦਾ ਨਾਮ ਦੇ ਕੇ ਨਾ ਕੇਵਲ ਇਤਿਹਾਸ ਵਿਚ ਆਪਣਾ ਸਥਾਨ ਬਣਾ ਲਿਆ ਹੈ ਸਗੋਂ ਇਸ ਨਵੇਂ ਸੰਕਲਪ ਨੂੰ ਸਾਹਮਣੇ ਲਿਆ ਕੇ ਲੋਕਾਂ ਨੂੰ 'ਭਵਿਖ ਦੇ ਗਦਾਰਾਂ' ਤੋਂ ਵੀ ਸੁਚੇਤ ਕੀਤਾ ਹੈ ਜੋ ਇਕ ਵਾਰ ਮੁੜ ਨਵੀਂ ਸ਼ਕਲ ਵਿਚ ਆਈ ਇਸ 'ਰਸਗੁੱਲਾ ਸਿਆਸਤ' ਦਾ ਸ਼ਿਕਾਰ ਹਨ।

ਸਾਨੂੰ ਅਜਿਹੇ ਪ੍ਰੋਗਰਾਮ ਕਰਨ ਵਾਲਿਆਂ ਦੀ ਸੁਹਿਰਦਤਾ 'ਤੇ ਕਿੰਤੂ ਹੈ ਪਰ ਅਸੀਂ ਦੁਸ਼ਮਣ ਦੇ ਵਾਰ ਤੋਂ ਬਚਣ ਦਾ ਹਰ ਸੰਭਵ ਯਤਨ ਕਰਨਾ ਹੈ ਅਤੇ ਕਿਸੇ ਵੀ ਹਾਲਤ ਵਿਚ ਪਹਿਲਕਦਮੀ ਦੁਸ਼ਮਣਾਂ ਦੇ ਹੱਥ ਵਿਚ ਨਹੀਂ ਜਾਣ ਦੇਣੀ। ਇਕ ਪਾਸੇ ਤਾਂ ਦਰਬਾਰ ਸਾਹਿਬ ਦੀ ਹਦੂਦ ਅੰਦਰ ਫੈਡ-ਰੇਸ਼ਨ ਵਰਗੀਆਂ ਜਮਹੂਰੀ ਜਥੇਬੰਦੀਆਂ ਨੂੰ ਸਧਾਰਣ ਸੰਮੇਲਨ ਕਰਨ ਤੋਂ ਰੋਕਣ ਲਈ ਦੁਸ਼ਮਣ ਸਾਰੀ ਸ਼ਕਤੀ ਝੋਕ ਦਿੰਦਾ ਹੈ। ਅਜਿਹੀ ਹਾਲਤ ਵਿਚ ਉਹ ਜੁਝਾਰੂ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੂੰ ਕਿਵੇਂ ਬਰਦਾਸ਼ਤ ਕਰੇਗਾ? ਸਾਡੀ ਇਹ ਵੀ ਬੇਨਤੀ ਹੈ ਕਿ ਖੁਲ੍ਹੀਆਂ ਕੋਨਵੈਨਸ਼ਨਾਂ ਇਹੋ ਜਿਹਾ ਮੰਚ ਨਾਂ ਬਣ ਜਾਣ ਜਿਥੇ ਵਖ ਵਖ ਸੰਸਥਾਵਾਂ ਤੇ ਵਿਅਕਤੀ ਆਪਣੇ ਆਪਣੇ ਵਿਚਾਰ ਪਰਗਟ ਕਰਕੇ ਹੀ ਚਲਦੇ ਬਣਨ। ਅਕਾਲ ਤਖਤ ਵਲੋਂ ਇਹਨਾਂ ਵਿਚਾਰਾਂ ਦਾ ਵਿਸਲੇਸ਼ਨ ਤੇ ਸੰਸਲੇਸ਼ਨ ਕੀਤਾ ਜਾਏ, ਇਹੋ ਜਿਹੀ ਬਹਿਸ ਇਕ ਨਿਸ਼ਾਨੇ ਵਲ ਸੇਧਤ ਹੋਵੇ ਅਤੇ ਸਾਰੇ ਵਿਚਾਰ ਅਮਲੀ ਰੂਪ ਵਿਚ ਇਕ ਠੋਸ ਦਿਸ਼ਾ ਅਖਤਿਆਰ ਕਰਦੇ ਹੋਣ। ਕੇ. ਐਲ. ਐਫ. ਤੇ ਕੇ. ਸੀ. ਐਫ.। ਅਜਿਹੇ ਕਿਸੇ ਵੀ ਸੰਮੇਲਨ ਵਲੋਂ ਗੁਰਮਤ ਅਸੂਲਾਂ ਦੇ ਖਿਲਾਫ ਅਤੇ ਸਮਾਂ ਵਿਹਾ ਚੁਕੇ ਅਖੌਤੀ ਸਿੱਖ ਲੀਡਰਾਂ ਨੂੰ ਸਿੱਖ ਕੌਮ ਦੇ ਸਿਰ ਮੜਨ ਦੇ ਕਿਸੇ ਵੀ ਫੈਸਲੇ ਦਾ ਡਟ ਕੇ ਵਿਰੋਧ ਕਰੇਗੀ।

## ਮਸਲੇ ਨੂੰ ਕੌਮਾਂਤਰੀ ਰੂਪ ਦਿਤਾ ਜਾਏ

ਅੱਜ ਸੰਸਾਰ ਵਿਚ ਵਾਪਰ ਰਹੀਆਂ ਘਟਨਾਵਾਂ ਇਕ ਦੂਜੇ ਤੋਂ ਸੁਤੰਤਰ ਨਹੀਂ ਹਨ ਸਗੋਂ ਜੁੜੀਆਂ ਹੋਈਆਂ ਹਨ। ਅੱਜ ਪੰਜਾਬ ਵਿਚ ਵਾਪਰੀ ਕੋਈ ਵੀ ਘਟਨਾ ਜਾਂ ਜੁਝਾਰੂ ਸਿੰਘਾਂ ਦੇ ਮਹਾਨ ਕਾਰਨਾਮੇ ਭਾਰਤ ਦੀਆਂ ਹੱਦਾਂ ਟੱਪ ਕੇ ਸੰਸਾਰ ਰਾਜਨੀਤੀ ਤੇ ਆਪਣਾ ਅਸਰ ਸੁਟਦੇ ਹਨ। ਸਿੱਖ ਯੋਧਿਆਂ ਦੀਆਂ ਦਲੇਰਾਨਾਂ ਕਾਰਵਾਈਆਂ ਜਿਥੇ ਭਾਰਤ ਦੀਆਂ ਸਹਿਯੋਗੀ ਧਿਰਾਂ (alied forces) ਨੂੰ ਕੰਬਣੀ ਛੇੜ ਦਿੰਦੀਆਂ ਹਨ ਅਤੇ ਡੂੰਘੇ ਫਿਕਰਾਂ ਵਿਚ ਸੁੱਟ ਦਿੰਦੀਆਂ ਹਨ। ਉਥੇ ਦੂਜੇ ਪਾਸੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਚਲ ਰਹੀਆਂ ਗੁਰੀਲਾ ਜਥੇਬੰਦੀਆਂ ਦੀਆਂ ਸਫ਼ਾਂ ਨੂੰ ਇਕ ਨਵਾਂ ਬਲ ਅਤੇ ਲਸਾਨੀ ਹੌਂਸਲਾ ਬਖਸ਼ਦੀਆਂ ਹਨ।

ਇਸੇ ਤਰ੍ਹਾਂ ਜਦੋਂ ਰੂਸੀ ਹੁਕਮਰਾਨ ਦਰਬਾਰ ਸਾਹਿਬ ਉਤੇ ਫੌਜੀ ਹਮਲੇ ਨੂੰ ਜਾਇਜ਼ ਠਹਿਰਾਉਂਦੇ ਹਨ, ਉਸ ਸਮੇਂ ਇਕ ਗੱਲ ਤਾਂ ਨਿਖਰਕੇ ਸਾਹਮਣੇ ਆਉਂਦੀ ਹੈ ਕਿ ਦੁਨੀਆਂ ਦੀ ਇਕ ਵੱਡੀ ਤਾਕਤ ਹਰਿਮੰਦਰ ਸਾਹਿਬ ਦੇ ਸਾਕੇ ਨੂੰ ਸੰਸਾਰ ਘਟਨਾਵਾਂ ਦੇ ਪਰਸੰਗ ਵਿਚ ਕਿੰਨੀ ਵੱਡੀ ਮਹੱਤਤਾ ਦਿੰਦੀ ਹੈ। ਸੰਸਾਰ ਦੀਆਂ ਹੋਰ ਵੀ ਘਟਨਾਵਾਂ ਅਤੇ ਹੋ ਰਹੀ ਉਥਲ ਪੁਥਲ ਨੂੰ ਗਹਿਰਾਈ ਨਾਲ ਜਾਨਣ ਦੀ ਜਿੰਨੀ ਅੱਜ ਲੋੜ ਹੈ ਉਨੀ ਪਹਿਲਾਂ ਕਦੇ ਵੀ ਨਹੀਂ ਸੀ। ਇਸ ਪੱਖੋਂ ਸਾਨੂੰ ਆਪਣੀ ਲੜਾਈ ਕੌਮਾਂਤਰੀ ਪੱਧਰ ਉਤੇ ਲਿਜਾਣੀ ਪਵੇਗੀ। ਭਾਰਤ ਵਲੋਂ ਸ੍ਰੀ ਲੰਕਾ ਦੇ ਤਾਮਿਲ ਮਸਲੇ ਵਿਚ ਦਿੱਤੀ ਦਖਲ ਅੰਦਾਜ਼ੀ ਤੋਂ ਸਪਸ਼ਟ ਹੈ ਕਿ ਇਕ ਪ੍ਰਭੂਸੱਤਾ ਸੰਪਨ ਰਾਜ ਦੂਜੇ ਪ੍ਰਭੂਸਤਾ ਸੰਪੰਨ ਰਾਜ ਦੇ ਮਾਮਲਿਆਂ ਵਿਚ ਦਖਲ ਦੇ ਸਕਦਾ ਹੈ। ਇਸ ਲਈ ਅਸੀਂ ਵੀ ਕਿਸੇ ਬਾਹਰਲੇ ਦੇਸ਼ ਦੀ ਸਹਾਇਤਾ ਸਵੀਕਾਰ ਕਰਨ ਵਿਚ ਬਿਲ-ਕੁਲ ਹੱਕ ਬਿਜਾਨਬ ਹੋਵਾਂਗੇ।

## ਵਿਦੇਸ਼ਾਂ ਵਿਚ ਸਾਡੀ ਗੂੰਜ

ਆਪਣੇ ਘਰ ਅਤੇ ਘਰ ਤੋਂ ਬਾਹਰਲਿਆਂ ਨਾਲ ਲੜਾਈ ਵਿਚ ਸਫਲਤਾ ਸਾਡੀ ਬਹੁਤ ਵੱਡੀ ਪ੍ਰਾਪਤੀ ਜ਼ਰੂਰ ਹੈ ਪਰ ਅਸੀਂ ਇਸ ਪ੍ਰਾਪਤੀ ਨੂੰ ਭਵਿੱਖ ਦੇ ਪ੍ਰੋਗਰਾਮਾਂ ਨਾਲ ਜੋੜਨਾ ਹੈ। ਹਜ਼ਾਰਾਂ ਅਤੇ ਲੱਖਾਂ ਦੀ ਗਿਣਤੀ ਵਿਚ ਸਿੱਖ ਨੌਜਵਾਨ ਸਾਡੇ ਵਲ ਵੇਖ ਰਹੇ ਹਨ। ਅਸਾਂ ਆਪਣੀ ਪ੍ਰਾਪਤੀ ਨੂੰ ਨੌਜਵਾਨਾਂ ਦੀ ਰੂਹ ਦਾ ਇਕ ਹਿੱਸਾ ਬਣਾਉਣਾ ਹੈ ਤਾਂ ਕਿ ਸਾਡੀ ਜਦੋਜਹਿਦ ਹੋਰ ਵੀ ਇਕ ਵੱਡੀ ਲਹਿਰ ਦੇ ਰੂਪ ਵਿਚ ਬਦਲ ਜਾਵੇ। ਅਸੀਂ ਆਪਣੇ ਨੌਜਵਾਨ ਸਿੰਘਾਂ ਨੂੰ ਸੰਦੇਸ਼ ਭੇਜਦੇ ਹਾਂ ਕਿ ਅਸੀਂ ਜਿੱਥੇ ਤਕ ਇਸ ਲਹਿਰ ਨੂੰ ਪਹੁੰਚਾਇਆ ਹੈ ਉਸ ਵਿਚ ਹਿੱਸਾ ਪਾਵੇ ਅਤੇ ਉਸ ਨੂੰ ਅੱਗੇ ਲੈ ਕੇ ਤੁਰੇ। ਸਾਡਾ ਤਜਰਬਾ ਤੁਹਾਡੇ ਨਾਲ ਹੈ। ਜਿਹੜੀ ਮਸ਼ਾਲ ਜਗੀ ਹੈ ਉਸ ਨੂੰ ਅੱਗੇ ਲੈ ਕੇ ਤੁਰੀਏ। 'ਅਗਾਂਹ ਕੂ ਤ੍ਰਾਂਘ' ਦੇ ਮਹਾਨ ਵਾਕ ਨੂੰ ਧਾਰਨ ਕਰੀਏ। ਆਪਣੇ ਇਤਿਹਾਸ ਨਾਲ ਜੋੜੀਏ ਅਤੇ ਪਿਉ ਦਾਦੇ ਦੇ ਖਜ਼ਾਨੇ ਵਿਚੋਂ ਕੁਝ ਹਾਸਲ ਕਰਕੇ ਅੱਗੇ ਕਦਮ ਪੁਟੀਏ।

ਅੱਜ ਜੁਝਾਰੂ ਜਥੇਬੰਦੀਆਂ ਦੇ ਕਾਰਨਾਮੇ ਸੰਸਾਰ ਵਿਚ ਗੂੰਜਾਂ ਪਾ ਰਹੇ ਹਨ ਅਮਰੀਕੀ ਪਾਰਲੀਮੈਂਟ ਵਿਚ ਖਾਲਿਸਤਾਨ ਉਤੇ ਬਹਿਸ ਹੁੰਦੀ ਹੈ। ਵਿਦੇਸ਼ਾਂ ਵਿਚ ਬੈਠੇ ਸਿੱਖ ਇਸ ਮਹਾਨ ਕਾਜ ਵਿਚ ਆਪਣਾ ਹਿੱਸਾ ਪਾ ਰਹੇ ਹਨ ਅਸੀਂ ਉਹਨਾਂ ਨੂੰ ਇਕ ਹੋ ਕੇ ਦ੍ਰਿੜਤਾ ਨਾਲ ਅੱਗੇ ਵੱਧਣ ਦੀ ਸਲਾਹ ਦਿੰਦੇ ਹਾਂ। ਉਹਨਾਂ ਦੀ ਜਦੋਜਹਿਦ ਸਾਡੀ ਜਦੋਜਹਿਦ ਹੈ। ਸਾਨੂੰ ਪਤਾ ਹੈ ਕਿ ਹਰ ਸਿੱਖ ਜਿਥੇ ਵੀ ਹੈ ਜਿਵੇਂ ਵੀ ਹੈ ਉਹ ਇਸ ਮਹਾਨ ਕਾਜ ਵਿਚ ਆਪਣਾ ਹਿੱਸਾ ਪਾ ਰਿਹਾ ਹੈ।

ਖਾਲਸਾ ਜੀ! ਜਦੋਂ ਅਸੀਂ ਖੁਲ੍ਹੇ ਅਕਾਸ਼ ਵਿਚ ਰਾਤਾਂ ਕੱਟਦੇ ਹਾਂ ਅਤੇ ਜਦੋਂ ਤਾਰੇ ਹੀ ਸਾਡੇ ਸਾਥੀ ਹੁੰਦੇ ਹਨ, ਉਦੋਂ ਵੀ ਅਸੀਂ ਤੁਹਾਨੂੰ ਹੀ ਯਾਦ ਕਰਦੇ ਹਾਂ। ਅਸੀਂ ਤੁਹਾਡੀ ਕਿਰਪਾ ਨਾਲ ਇਥੇ ਪੁਜੇ ਹਾਂ। ਅਸੀਂ ਮੈਦਾਨੇ ਜੰਗ ਵਿਚ ਜਦੋਂ ਜੂਝ ਰਹੇ ਹੁੰਦੇ ਹਾਂ, ਉਦੋਂ ਵੀ ਤੁਸੀਂ ਹੀ ਸਾਡੀ ਯਾਦ ਵਿਚ ਹੁੰਦੇ ਹੋ। ਅਸੀਂ ਜਿਸ ਪੜਾਅ ਉਤੇ ਲੜਾਈ ਲਿਆਂਦੀ ਹੈ ਇਹ ਤੁਹਾਡੀ ਹੀ ਬਖਸ਼ਿਸ਼ ਹੈ। ਤੁਸੀਂ ਹੀ ਸਾਡੇ ਉਤੇ ਜਰਨੈਲੀਆਂ ਕਰਨੈਲੀਆਂ ਅਤੇ ਸਰਦਾਰੀਆਂ ਦੇ ਤਾਜ ਰੱਖੇ ਹਨ। 'ਰਿਬੇਰੋ ਮੰਨੂੰ' ਸਾਨੂੰ ਰੋਜ਼ ਮਾਰਦਾ ਹੈ, ਦਰਜਨਾਂ ਨੂੰ ਫੜ ਕੇ ਜੇਲ੍ਹਾਂ ਵਿਚ ਸੁੱਟਦਾ ਹੈ। ਪਰ ਇਹ ਤੁਹਾਡੀ ਹੀ ਕਿਰਪਾ ਹੈ ਕਿ ਸਿੰਘ ਸੋਇਆਂ ਵਾਂਗ ਵਧ ਕੇ ਫਿਰ ਸਾਹਮਣੇ ਆ ਖਲੋਂਦੇ ਹਨ। ਇਹ ਸਭ ਤੁਹਾਡਾ ਹੀ ਅਸ਼ੀਰਵਾਦ ਹੈ। ਅਸੀਂ ਉਸ ਦਿਨ ਦੀ ਉਡੀਕ ਵਿਚ ਹਾਂ ਜਦੋਂ ਖਾਲਿਸਤਾਨ ਲਈ ਹਰ ਸਿੱਖ ਜੂਝੇਗਾ। ਦੁਬਿਧਾ ਵਿਚ ਨਾ ਪਵੋ ਤੇ ਅੱਗੇ ਵਧੋ।

ਖਾਲਿਸਤਾਨ ਜ਼ਿੰਦਾਬਾਦ ॥

ਨੀਲੇ ਘੋੜੇ ਦਾ ਸ਼ਾਹ ਸਵਾਰ ਸਾਡੇ ਤੇ ਤੁਹਾਡੇ ਅੰਗ ਸੰਗ ਹੈ।

## ਖਾਲਿਸਤਾਨੀ ਲਹਿਰ ਦੀਆਂ ਦਸਤਾਵੇਜ਼ਾਂ 'ਤੇ ਟਿੱਪਣੀ

# ਲੋੜ ਸਾਰੇ ਪੰਜਾਬੀਆਂ ਨੂੰ ਸਾਂਝੀ ਲੜੀ 'ਚ ਪ੍ਰੋਣ ਦੀ ਹੈ

ਖ਼ਾਲਿਸਤਾਨੀ ਲਹਿਰ ਦੀ ਇਕ ਦਸਤਾਵੇਜ਼ 'ਜਨਤਕ ਪੈਗ਼ਾਮ' ਦੇ ਪਿਛਲੇ (ਅਕਤੂਬਰ) ਅੰਕ 'ਚ ਛਾਪੀ ਗਈ ਸੀ ਅਤੇ ਦੂਜੀ ਇਸ ਅੰਕ 'ਚ ਛਾਪੀ ਜਾ ਰਹੀ ਹੈ। ਇਹ ਦੋਨੋਂ ਦਸਤਾਵੇਜ਼ਾਂ - ਅਗਸਤ 1987 ਨੂੰ ਅਕਾਲ ਤਖਤ ਦੇ ਉਸ ਮੌਕੇ ਦੇ ਜਥੇਦਾਰ ਪ੍ਰੋ: ਦਰਸ਼ਨ ਸਿੰਘ ਰਾਗੀ ਵਲੋਂ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸੱਦੀ ਗਈ ਸਿੱਖ ਕਨਵੈਨਸ਼ਨ 'ਚ ਪੇਸ਼ ਕੀਤੀਆਂ ਗਈਆਂ ਸਨ। ਪਹਿਲੀ ਦਸਤਾਵੇਜ਼ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਤਰਫੋਂ ਅਤੇ ਦੂਜੀ 'ਖਾਲਿਸਤਾਨ ਕਮਾਂਡੋ ਫੋਰਸ' ਦੇ ਜਨਰਲ ਲਾਭ ਸਿੰਘ ਤੇ 'ਖਾਲਿਸਤਾਨ ਲਿਬਰੇਸ਼ਨ ਫੋਰਸ' ਦੇ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਦੀ ਤਰਫੋਂ, ਸਾਂਝੇ ਰੂਪ 'ਚ ਪੇਸ਼ ਕੀਤੀ ਗਈ ਸੀ।

ਸ੍ਰੀ ਅਕਾਲ ਤਖਤ ਦੇ ਜਥੇਦਾਰ ਵਲੋਂ 'ਸਿੱਖ ਕਨਵੈਨਸ਼ਨ' ਇਕ ਵਿਸ਼ੇਸ਼ ਪਰਸੰਗ ਅੰਦਰ ਬੁਲਾਈ ਗਈ ਸੀ। ਪ੍ਰੋ: ਦਰਸ਼ਨ ਸਿੰਘ ਰਾਗੀ ਨੇ ਸਿੱਖ ਸੰਘਰਸ਼ ਨੂੰ ਹਥਿਆਰਬੰਦ ਜੱਦੋਜਹਿਦ ਦੀ ਪਟੜੀ ਤੋਂ ਲਾਹੁਣ ਲਈ ਚੌਤਰਫਾ ਕੋਸ਼ਿਸ਼ਾਂ ਜੁਟਾ ਰਖੀਆਂ ਸਨ। ਪਰਤੱਖ ਤੌਰ 'ਤੇ ਉਸ ਨੇ ਸੁਸ਼ੀਲ ਮੁਨੀਆਂ, ਸਾਧੂਆਂ ਸਵਾਮੀਆਂ ਤੇ ਸੁਨੀਲ ਦੱਤ ਵਰਗੇ ਫਿਲਮੀ ਅਦਾਕਾਰਾਂ ਨਾਲ ਵਾਰਤਾਲਾਪਾਂ ਦਾ ਸਿਲਸਿਲਾ ਚਲਾ ਰਖਿਆ ਸੀ ਅਤੇ ਲੁਕਵੇਂ ਰੂਪ 'ਚ ਕੇਂਦਰੀ ਹਕੂਮਤ ਦੇ ਖੁਫੀਆ ਅਧਿਕਾਰੀਆਂ ਨਾਲ ਰਾਬਤਾ ਕਾਇਮ ਕਰ ਰਖਿਆ ਸੀ। ਨਾਲ ਹੀ ਰਾਗੀ ਸਾਹਿਬ ਦਾ ਸਾਰਾ ਜ਼ੋਰ ਸਿੱਖ ਖਾੜਕੂਆਂ ਨੂੰ ਆਪਣੇ ਸੰਘਰਸ਼ ਵੇਚੂ ਵਿਚਾਰਾਂ ਦੇ ਪੱਖ 'ਚ ਕਾਇਲ ਕਰਨ 'ਤੇ ਲੱਗਾ ਹੋਇਆ ਸੀ। ਸ਼ਬਦਾਂ ਦੀ ਮਾਇਆ ਰਚਣ 'ਚ ਮਾਹਰ ਹੋਣ ਕਾਰਨ ਉਹ ਸਿੱਖ ਖਾੜਕੂਆਂ ਦੇ ਕੁਝ ਹਿੱਸਿਆਂ ਨੂੰ ਆਪਣੀ ਗੱਲ ਜਚਾਉਣ ਅਤੇ ਹੋਰਨਾਂ ਨੂੰ ਭੰਬਲਭੂਸਿਆਂ ਵਿਚ ਪਾਉਣ 'ਚ ਸਫਲ ਹੋ ਗਿਆ ਸੀ। ਕਨਵੈਨਸ਼ਨ ਤੋਂ ਪਹਿਲਾਂ ਉਸ ਨੇ ਚੋਖੀ ਜ਼ਮੀਨ ਤਿਆਰ ਕਰ ਲਈ ਹੋਈ ਸੀ, ਅਤੇ ਕਨਵੈਂਸ਼ਨ ਅੰਦਰ ਉਸਨੂੰ ਆਪਣੀ ਸੰਘਰਸ਼ ਵੇਚੂ ਸਿਆਸਤ ਉਤੇ ਪਰਵਾਨਗੀ ਦੀ ਮੋਹਰ ਲੁਆ ਲੈਣ ਦਾ ਲਗਭਗ ਸੌ ਫੀ ਸਦੀ ਭਰੋਸਾ ਬੱਝ ਚੁੱਕਾ ਸੀ।

ਕਨਵੈਨਸ਼ਨ ਨੇ ਦੋ ਮਸਲਿਆਂ ਦਾ ਨਿਪਟਾਰਾ ਕਰਨਾ ਸੀ। ਇਕ ਤਾਂ ਇਹ ਕਿ ਸਿੱਖ ਸੰਘਰਸ਼ ਦਾ ਨਿਸ਼ਾਨਾ ਕੀ ਹੋਵੇ, ਅਤੇ ਦੂਜਾ ਇਹ ਕਿ ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਸਾਧਨ ਕੀ ਅਪਣਾਏ ਜਾਣ। ਅਰਥਾਤ ਇਸ ਨੇ ਜੱਦੋਜਹਿਦ ਦੇ ਨਿਸ਼ਾਨੇ ਤੇ ਜੱਦੋਜਹਿਦ ਦੇ ਰਾਹ ਦਾ ਨਿਤਾਰਾ ਕਰਨਾ ਸੀ। ਪ੍ਰੋ: ਦਰਸ਼ਨ ਸਿੰਘ ਇਹਨਾਂ ਦੋਨੋਂ ਮਸਲਿਆਂ 'ਤੇ ਆਪਣੇ ਪੱਖ 'ਚ ਫਤਵਾ ਲੈਣਾ ਚਾਹੁੰਦਾ ਸੀ। ਇਹਨਾਂ ਦੋਨੋਂ ਦਸਤਾਵੇਜ਼ਾਂ ਅੰਦਰ ਇਹਨਾਂ ਵਿਵਾਦਗ੍ਰਸਤ ਮਸਲਿਆਂ ਨੂੰ ਸਪਸ਼ਟ ਲਹਿਜੇ 'ਚ ਮੁਖਾਤਿਬ ਹੋਇਆ ਗਿਆ ਤੇ ਉਸ ਮੌਕੇ ਮੁਖਾਤਿਬ ਹੋਇਆ ਗਿਆ ਜਦ ਇਹਨਾਂ ਮਸਲਿਆਂ 'ਤੇ ਆਮ ਜਨਤਾ ਤੇ ਲੜਾਕੂ ਤਾਕਤਾਂ ਅੰਦਰ ਵੱਡਾ ਰੌਲ ਘਚੋਲਾ ਪਿਆ ਹੋਇਆ ਸੀ। ਇਸ ਪੱਖੋਂ ਇਹਨਾਂ ਦਸਤਾਵੇਜ਼ਾਂ ਦਾ ਮੌਜੂਦਾ ਸਿੱਖ ਸੰਘਰਸ਼ ਦੇ ਇਤਿਹਾਸ ਅੰਦਰ ਅਹਿਮ ਸਥਾਨ ਬਣ ਗਿਆ ਹੈ।

ਦੂਜਾ ਇਹ ਦਸਤਾਵੇਜ਼ਾਂ ਖਾੜਕੂ ਲਹਿਰ ਦੇ ਕਿਸੇ ਨਿਗੂਣੇ ਹਿੱਸੇ ਦੀ ਨਹੀਂ, ਸਗੋਂ ਉਸ ਮੌਕੇ, ਇਸ ਦੇ ਵੱਡੇ ਹਿੱਸੇ ਦੀਆਂ ਭਾਵਨਾਵਾਂ ਦੀ (ਵਿਚਾਰਾਂ ਦੀ ਕਹਿਣਾ ਸ਼ਾਇਦ ਬਹੁਤਾ ਦਰੁਸਤ ਨਹੀਂ ਹੋਵੇਗਾ) ਤਰਜਮਾਨੀ ਕਰਦੀਆਂ ਸਨ। ਅਤੇ ਇਹ ਵਾਦ-ਵਿਵਾਦ ਸਿਰਫ ਖਾੜਕੂ ਲਹਿਰ ਤਕ ਹੀ ਸੀਮਤ ਨਹੀਂ ਸੀ ਇਸ ਨੇ ਪੰਜਾਬੀ ਲੋਕਾਂ ਦੇ ਵੱਡੇ ਹਿੱਸਿਆਂ, ਖਾਸ ਕਰਕੇ ਆਮ ਸਿੱਖ ਜਨਤਾ ਨੂੰ ਡੂੰਘੀ ਤਰ੍ਹਾਂ ਪ੍ਰਭਾਵਤ ਕੀਤਾ ਹੋਇਆ ਸੀ। ਇਸ ਕਰਕੇ ਇਹਨਾਂ ਦਸਤਾਵੇਜ਼ਾਂ ਨੂੰ ਦੋ ਚਹੁੰ ਵਿਅਕਤੀਆਂ ਦੇ ਵਿਚਾਰਾਂ ਦਾ ਵਕਤੀ ਉਬਾਲ ਕਹਿਕੇ ਛੱਡ ਦੇਣਾ ਗਲਤ ਹੋਵੇਗਾ। ਇਕ ਵਿਸ਼ੇਸ਼ ਇਤਿਹਾਸਕ ਪ੍ਰਸੰਗ ਅੰਦਰ ਇਹਨਾਂ ਦਸਤਾਵੇਜ਼ਾਂ ਦੁਆਰਾ ਨਿਭਾਇਆ ਰੋਲ ਸਵੀਕਾਰਨਾ ਪਵੇਗਾ।

ਅੱਜ ਇਹਨਾਂ ਦਸਤਾਵੇਜ਼ਾਂ ਦਾ ਦੋ ਪੱਖਾਂ ਤੋਂ ਮੁਲਕੰਣ ਕਰਨ ਦੀ ਲੋੜ ਹੈ। ਇਕ ਇਹ ਕਿ ਇਹਨਾਂ ਲਿਖਤਾਂ ਅੰਦਰ ਦਰਜ ਵਿਚਾਰ ਕਿੰਨੇ ਕੁ ਦਰੁਸਤ ਸਨ (ਜਾਂ ਹੈਨ), ਅਤੇ ਦੂਜਾ ਇਹ ਕਿ ਖਾਲਿਸਤਾਨੀ ਲਹਿਰ ਦਾ ਬਾਅਦ ਦਾ ਅਮਲ ਇਹਨਾਂ ਦਸਤਾਵੇਜ਼ਾਂ ਅੰਦਰ ਦਰਜ ਵਿਚਾਰਾਂ 'ਤੇ ਕਿੰਨਾ ਕੁ ਪੂਰਾ ਉਤਰਿਆ ਹੈ।

### ਸਿਧਾਂਤਕ ਪੱਖ

ਸਿੱਖ ਸਮੱਸਿਆ ਹੈ ਕੀ ਤੇ ਇਸਦਾ ਹੱਲ ਕੀ ਹੈ— ਇਹ ਸੁਆਲ ਸਿੱਖ ਜਗਤ ਅੰਦਰ ਲੰਮੇ ਚਿਰਾਂ ਤੋਂ, ਲਗਭਗ 1947 ਤੋਂ ਹੀ ਰੱਟੇ ਵਾਲਾ ਨੁਕਤਾ ਬਣਿਆ ਹੋਇਆ ਹੈ। ਸਿੱਖ ਲੀਡਰਸ਼ਿਪ ਇਸ ਨੂੰ ਵੰਨ-ਸੁਵੰਨੇ ਤੇ ਬਦਲਵੇਂ ਰੂਪਾਂ 'ਚ ਪੇਸ਼ ਕਰਦੀ ਰਹੀ ਹੈ। ਕਦੇ ਪੰਜਾਬੀ ਸੂਬੇ ਦੀ ਮੰਗ,

ਕਦੇ 'ਸਿੱਖ ਹੋਮਲੈਂਡ' ਦਾ ਨਾਅਰਾ, ਕਦੇ ਆਨੰਦਪੁਰ ਦਾ ਮਤਾ ਤੇ ਕਦੇ 'ਪੂਰਨ ਆਜ਼ਾਦੀ' ਦੀ ਗੱਲ। ਇਸ ਮਸਲੇ 'ਤੇ ਨਾ ਕਦੇ ਪਹਿਲਾਂ ਇਕਮੱਤਤਾ ਬਣ ਸਕੀ ਹੈ ਤੇ ਨਾ ਹੀ ਅੱਜ।

ਸਿੱਖ ਲੀਡਰਸ਼ਿਪ ਜ਼ਿਆਦਾ ਕਰਕੇ ਜਾਂ ਤਾਂ ਧਨਾਢ ਵਰਗਾਂ 'ਚੋਂ ਆਏ ਲੋਕਾਂ ਦੇ ਹੱਥਾਂ 'ਚ ਰਹੀ ਹੈ, ਜਾਂ ਮੱਧ-ਵਰਗ 'ਚੋਂ ਆਏ ਅਜਿਹੇ ਲੋਕਾਂ ਦੇ ਹੱਥ 'ਚ, ਜਿਹੜੇ ਧਨਾਢ ਬਣਨ ਦੀਆਂ ਲਾਲਸਾਵਾਂ ਰਖਦੇ ਸਨ। ਇਸ ਵਰਗ ਦੇ ਹਿਤ ਭਾਰਤ ਦੇ ਹਾਕਮਾਂ ਨਾਲ ਨਿਰਣਾਇਕ ਲੜਾਈ ਲੜਨ 'ਚ ਨਹੀਂ ਸਨ। ਇਹਨਾਂ ਦੀ ਲੜਾਈ ਦਾ ਮਕਸਦ ਭਾਰਤੀ ਹਾਕਮਾਂ ਕੋਲੋਂ ਸਿਆਸੀ ਸਤਾ 'ਚੋਂ ਵੱਧ ਹਿੱਸਾ-ਪੱਤੀ ਤੇ ਵਧ ਆਰਥਕ ਲਾਭ ਪ੍ਰਾਪਤ ਕਰਨਾ ਹੀ ਰਿਹਾ ਹੈ। ਇਸ ਕਰਕੇ ਇਸ ਵਰਗ ਦੇ ਹਿਤ ਸਿੱਖ ਸਮੱਸਿਆ ਨੂੰ ਹਕੀਕੀ ਰੂਪ 'ਚ ਪੇਸ਼ ਕਰਨ 'ਚ ਨਹੀਂ ਸਨ। ਭਾਵੇਂ ਭਾਰਤੀ ਹਾਕਮਾਂ ਨੇ 'ਅਜ਼ਾਦ ਭਾਰਤ' ਦੇ ਸੰਵਿਧਾਨ ਤੇ ਰਾਜਸੀ ਢਾਂਚੇ ਦਾ ਫੈਸਲਾ ਲੈਣ ਲੱਗਿਆਂ ਸਿੱਖ ਲੀਡਰਸ਼ਿਪ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਕਰ ਰਖਿਆ, ਅਤੇ ਉਸ ਤੋਂ ਬਾਅਦ ਵੀ ਉਹ ਇਸ ਨੂੰ ਵਾਰ ਵਾਰ ਜਲੀਲ ਕਰਦੇ ਰਹੇ, ਪਰ ਸਿੱਖ ਲੀਡਰਸ਼ਿਪ ਦਾ ਕਦੇ ਇਹ ਹੀਆ ਨਾ ਪਿਆ ਕਿ ਉਹ ਭਾਰਤੀ ਸੰਵਿਧਾਨ, ਜਿਹੜਾ ਕਿ ਉਹਨਾਂ ਦੀ ਪੁੱਛ ਤੇ ਸਹਿਮਤੀ ਤੋਂ ਬਗੈਰ ਘੜਿਆ ਗਿਆ ਸੀ, ਤੋਂ ਨਾਬਰ ਹੋ ਕੇ ਇਹ ਗੱਲ ਕਹਿ ਦੇਵੇ ਕਿ ਸਾਨੂੰ ਇਹ ਗੁਲਾਮੀ ਕਿਸੇ ਵੀ ਭਾਅ ਮਨਜ਼ੂਰ ਨਹੀਂ। ਸਿੱਖ ਲੀਡਰਸ਼ਿਪ ਦੀ ਇਸ ਜਮਾਤੀ ਕਮਜ਼ੋਰੀ ਤੇ ਸੀਮਤਾਈ ਨੇ ਉਸਨੂੰ ਅਕਸਰ ਹੀ ਕਸੂਤੀ ਤੇ ਹਾਸੋਹੀਣੀ ਹਾਲਤ 'ਚ ਫਸਾਈ ਰਖਿਆ।

ਅਕਾਲੀ ਲੀਡਰਸ਼ਿਪ ਦੀ ਇਸ ਜਮਾਤੀ ਕਮਜ਼ੋਰੀ ਤੋਂ ਇਲਾਵਾ ਉਸ ਦੇ ਅਣਵਿਗਿਆਨਕ ਦ੍ਰਿਸ਼ਟੀਕੋਣ ਨੇ ਵੀ ਉਸ ਨੂੰ ਸਿੱਖ ਸਮੱਸਿਆ ਨੂੰ ਹਕੀਕੀ ਰੂਪ 'ਚ ਸਮਝਣ ਤੋਂ ਅਸਮਰੱਥ ਬਣਾਈ ਰਖਿਆ। ਆਪਣੇ ਅਣਵਿਗਿਆਨਕ ਦ੍ਰਿਸ਼ਟੀਕੋਣ ਸਦਕਾ ਉਹ ਭਾਰਤੀ ਰਾਜ ਦੀ ਬਹੁ-ਕੌਮੀ ਬਣਤਰ ਤੇ ਇਸ 'ਚੋਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਨੂੰ ਸਮਝਣ 'ਚ ਨਾਕਾਮ ਰਹੀ। ਉਸ ਦਾ ਮੁੱਖ ਜ਼ੋਰ ਸਮੱਸਿਆ ਦੇ ਫਿਰਕੂ ਰੂਪ ਨੂੰ ਦੇਖਣ ਤੇ ਇਸ ਨੂੰ ਧਾਰਮਿਕ ਰੰਗਤ 'ਚ ਪੇਸ਼ ਕਰਨ 'ਤੇ ਹੀ ਲੱਗਾ ਰਿਹਾ।

ਸਿਆਸੀ ਦ੍ਰਿਸ਼ ਉਤੇ ਸੰਤ ਭਿੰਡਰਾਂਵਾਲੇ ਦੀ ਆਮਦ ਨਾਲ ਸਿੱਖ ਲਹਿਰ ਦੀ ਜਮਾਤੀ ਬਣਤਰ ਤੇ ਇਸ ਦੀ ਮਾਰਗ-ਸੇਧ ਅੰਦਰ ਵੱਡੀਆਂ ਤਬਦੀਲੀਆਂ ਜ਼ਰੂਰ ਆਈਆਂ। ਪਰ ਜੱਦੋਜਹਿਦ ਦਾ ਨਿਸ਼ਾਨਾ ਮਿਥਣ ਦੇ ਮਾਮਲੇ 'ਚ ਸੰਤ ਭਿੰਡਰਾਂਵਾਲੇ ਵੀ ਵਿਰਾਸਤ 'ਚ ਮਿਲੀ ਕਮਜ਼ੋਰੀ ਤੋਂ ਪੂਰੀ ਤਰ੍ਹਾਂ ਸੁਰਖਰੂ ਨਹੀਂ ਹੋ ਸਕੇ। ਕੋਈ ਇਸ ਨੂੰ 'ਦਾਅ ਪੇਚ' ਦੀ ਗੱਲ ਕਹਿ ਸਕਦਾ ਹੈ। ਪਰ ਗੱਲ ਨਿਰੀ ਏਨੀ ਨਹੀਂ ਸੀ। ਇਸ ਗੱਲ ਦਾ ਤਿੱਖਾ ਅਹਿਸਾਸ ਹੋਣ ਦੇ ਬਾਵਜੂਦ ਕਿ 'ਸਿੱਖ ਭਾਰਤ ਅੰਦਰ ਗੁਲਾਮ ਹਨ' ਅਤੇ ਇਸ 'ਗੁਲਾਮੀ ਦੇ ਜੂਲੇ ਨੂੰ ਗਲੋਂ ਲਾਹੁਣ' ਦੀ ਜ਼ੋਰਦਾਰ ਤਾਂਘ ਦੇ ਬਾਵਜੂਦ ਸੰਤ ਭਿੰਡਰਾਂਵਾਲੇ ਸਿੱਖਾਂ ਦੀ ਅਜ਼ਾਦੀ ਦੇ ਸੰਘਰਸ਼ ਲਈ ਨਾ ਕੋਈ ਸਿਆਸੀ ਰਣਨੀਤੀ ਦਾ ਖਾਕਾ ਉਲੀਕ ਸਕੇ ਤੇ ਨਾ ਹੀ ਕੋਈ ਫੌਜੀ ਯੁੱਧਨੀਤੀ ਘੜ ਸਕੇ। ਅਸਲ ਵਿਚ ਸੰਤ ਭਿੰਡਰਾਂਵਾਲੇ ਸਿੱਖ ਸਮੱਸਿਆ ਨੂੰ ਭਾਰਤ ਦੇ ਸਮਾਜੀ-ਆਰਥਕ ਢਾਂਚੇ ਦੇ ਸਮੁੱਚੇ ਸੰਦਰਭ 'ਚ ਰੱਖ ਕੇ ਦੇਖਣ ਦੀ ਬਜਾਇ ਇਸ ਨੂੰ ਸਿਰਫ ਸਿੱਖ ਸਮੱਸਿਆ ਦੇ ਰੂਪ 'ਚ ਹੀ ਦੇਖਦੇ ਸਨ। ਉਹ ਭਾਰਤੀ ਹਾਕਮਾਂ ਦੇ ਸਿੱਖ-ਦੁਸ਼ਮਣ ਚਰਿਤਰ ਤੋਂ ਤਾਂ ਜਾਣੂ ਹੋ ਗਏ ਸਨ ਪਰ ਉਹ ਭਾਰਤੀ ਰਾਜ ਦੇ ਹਿੰਦੂ-ਬ੍ਰਾਹਮਣਵਾਦੀ ਤੱਤ ਦਾ ਪੂਰਾ ਭੇਤ ਨਾ ਪਾ ਸਕੇ। ਸਿੱਟੇ ਵਜੋਂ ਉਹ ਭਾਰਤੀ ਰਾਜ ਅੰਦਰ ਵਸਦੇ ਹੋਰਨਾਂ ਮਜ਼ਲੂਮ ਵਰਗਾਂ (ਭਾਰਤੀ ਹਾਕਮਾਂ ਦੀ ਲੁੱਟ-ਖਸੁੱਟ ਤੇ ਜਬਰ ਦੀਆਂ ਸ਼ਿਕਾਰ ਅੱਡ-ਅੱਡ ਕੌਮੀਅਤਾਂ, ਧਾਰਮਿਕ ਘੱਟ ਗਿਣਤੀਆਂ ਤੇ ਦਲਿਤਾਂ) ਦੀਆਂ ਸਮੱਸਿਆਵਾਂ ਨੂੰ ਸਮਝਣ ਤੇ ਇਹਨਾਂ ਦਾ ਸਿੱਖ ਸਮੱਸਿਆ ਤੇ ਸਿੱਖ ਜਦੋਜਹਿਦ ਨਾਲ ਰਿਸ਼ਤਾ ਸਥਾਪਤ ਕਰਨ 'ਚ ਸਫਲ ਨਹੀਂ ਹੋ ਸਕੇ। ਸਿੱਖ ਸਮੱਸਿਆ ਨੂੰ ਸਮਝਣ ਤੇ ਸਿੱਖ ਸੰਘਰਸ਼ ਨੂੰ ਚਲਾਉਣ ਦੇ ਮਾਮਲੇ 'ਚ ਸੋਚ ਦੇ ਤੰਗ ਦਾਇਰੇ ਨੇ ਦਿੱਲੀ ਦੇ ਹਾਕਮਾਂ ਲਈ ਆਪਣੀਆਂ ਫਿਰਕੂ ਸਾਜ਼ਸ਼ਾਂ ਨੂੰ ਅਮਲ 'ਚ ਲਿਆਉਣ ਦਾ ਕਾਰਜ ਬਹੁਤ ਸੁਖਾਲਾ ਬਣਾ ਦਿੱਤਾ। ਜੇਕਰ ਸਾਕਾ "ਨੀਲਾ ਤਾਰਾ" ਮੌਕੇ ਦੇਸ਼ ਦੇ ਹੋਰਨਾਂ ਹਿਸਿਆਂ ਤੇ ਵਰਗਾਂ 'ਚੋਂ ਸਿੱਖਾਂ ਦੀ ਹਿਮਾਇਤ 'ਚ ਕੋਈ ਵੱਡੀ ਆਵਾਜ਼ ਨਹੀਂ ਉੱਠੀ ਤਾਂ ਇਸਦਾ ਨਿਰਾਪੂਰਾ ਦੋਸ਼ ਦੇਸ਼ ਦੇ "ਹਿੰਦੂ ਵਰਗ" ਦੀ ਫਿਰਕੂ ਸੋਚਣੀ 'ਤੇ ਹੀ ਨਹੀਂ ਸੁੱਟਿਆ ਜਾ ਸਕਦਾ। ਇਸ ਮਾਮਲੇ 'ਚ ਸਿੱਖ ਸੰਘਰਸ਼ ਦੀਆਂ ਸੰਚਾਲਕ ਤਾਕਤਾਂ ਨੂੰ ਆਪਣੇ 'ਗਿਰੀਵਾਨ' ਅੰਦਰ ਵੀ ਝਾਤੀ ਮਾਰਨੀ ਚਾਹੀਦੀ ਹੈ। ਉਹ ਇਹ ਦੇਖਣ ਕਿ ਉਹਨਾਂ ਨੇ ਸਾਕਾ "ਨੀਲਾ ਤਾਰਾ" ਤੋਂ ਪਹਿਲਾਂ ਦੇਸ਼ ਅੰਦਰ ਵਸਦੇ ਹੋਰਨਾਂ ਮਜ਼ਲੂਮ ਲੋਕਾਂ (ਗਰੀਬ ਹਿੰਦੂਆਂ, ਦਲਿਤਾਂ, ਧਾਰਮਿਕ ਘੱਟ ਗਿਣਤੀਆਂ ਅਤੇ ਆਪਣੇ ਆਰਥਕ ਸਭਿਆਚਾਰਕ ਤੇ ਸਿਆਸੀ ਹਿੱਤਾਂ ਦੀ ਰਾਖੀ ਜਾਂ ਪੂਰਤੀ ਲਈ ਲੜ ਰਹੀਆਂ ਅੱਡ-ਅੱਡ ਕੌਮੀਅਤਾਂ—ਜਿਵੇਂ ਨਾਗਾ, ਮੀਜ਼ੋ, ਝਾੜਖੰਡ, ਤ੍ਰਿਪੁਰਾ, ਮਨੀਪੁਰ, ਕਸ਼ਮੀਰ, ਤਾਮਿਲ-ਨਾਡੂ, ਆਂਧਰਾ ਪ੍ਰਦੇਸ਼ ਅਤੇ ਹੋਰਨਾਂ ਖਿੱਤਿਆਂ ਅੰਦਰ ਜੂਝ

ਰਹੇ ਲੋਕਾਂ) ਨੂੰ ਆਪਣੀ ਹਮਾਇਤ ਜੁਟਾਉਣ ਤੇ ਉਹਨਾਂ ਕੋਲੋਂ ਹਮਾਇਤ ਹਾਸਲ ਕਰਨ ਲਈ ਅਮਲੀ ਤੌਰ 'ਤੇ ਕੀ ਯਤਨ ਕੀਤੇ ਸਨ ? ਜੇ ਅਜਿਹੇ ਯਤਨ ਨਹੀਂ ਕੀਤੇ ਗਏ ਤਾਂ ਇਹਨਾਂ ਦੀ ਵਜਾਹ ਕੀ ਹੈ ? ਇਹੋ ਕਿ ਸਿੱਖ ਸਮੱਸਿਆ ਨੂੰ ਵਿਸ਼ਾਲ ਸੰਦਰਭ 'ਚ ਨਹੀਂ ਵੇਖਿਆ ਗਿਆ, ਸੌੜੀ ਦ੍ਰਿਸ਼ਟੀ ਤੋਂ ਹੀ ਦੇਖਣ ਤੇ ਨਜਿੱਠਣ ਦੀ ਕੋਸ਼ਿਸ਼ ਕੀਤੀ ਗਈ ਨਾ ਆਪਣੇ ਦੁਸ਼ਮਣ ਦੇ ਸਾਰੇ ਪੱਖਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਤੇ ਨਾ ਹੀ ਆਪਣੇ ਸੰਗੀਆਂ ਦੀ ਪਛਾਣ ਕੀਤੀ ਗਈ। ਖਾੜਕੂ ਲਹਿਰ ਦੀ ਇਹ ਘਾਟ ਸੰਘਰਸ਼ ਨੂੰ ਵਿਛੋੜੇ ਦੀ ਹਾਲਤ 'ਚ ਸੁੱਟਣ ਅਤੇ ਇਸ ਨੂੰ ਢਾਹ ਲਾਉਣ ਦਾ ਵੱਡਾ ਕਾਰਨ ਬਣੀ ਹੈ।

## ਹਾਂ-ਦਰੂ ਯਤਨ :

ਇਸ ਪੱਖੋਂ ਦੇਖਿਆਂ, ਵਿਚਾਰ-ਅਧੀਨ ਦਸਤਾਵੇਜ਼ਾਂ ਅੰਦਰ ਖਾੜਕੂ ਲਹਿਰ ਦੀ ਇਸ ਵਿਰਾਸਤ 'ਚ ਮਿਲੀ ਕਮਜ਼ੋਰੀ ਨੂੰ ਦੂਰ ਕਰਨ ਦੇ ਹਾਂ-ਦਰੂ ਯਤਨ ਦਿਖਾਈ ਦਿੰਦੇ ਹਨ। ਦਸਤਾਵੇਜ਼ਾਂ ਅੰਦਰ ਸਿੱਖ ਸਮੱਸਿਆ ਨੂੰ "ਸਿਰਫ ਤੇ ਸਿਰਫ ਸਿੱਖ ਸਮੱਸਿਆ" ਵਜੋਂ ਦੇਖਣ ਦੀ ਗਲਤ ਰਵਾਇਤ ਤੋਂ ਲਾਂਭੇ ਹੱਟਦਿਆਂ ਮਸਲੇ ਨੂੰ ਵੱਧ ਚੁਰੇੜੇ ਸੰਦਰਭ 'ਚ ਰੱਖਕੇ ਸਮਝਣ ਤੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਭਾਰਤ ਦੀ ਬਹੁ-ਕੌਮੀ ਰਾਜ-ਬਣਤਰ ਭਾਰਤੀ ਹਾਕਮਾਂ ਦੇ ਹਿੰਦੂ-ਬ੍ਰਾਹਮਣਵਾਦੀ ਚਰਿਤਰ, ਅਤੇ ਏਕਤਾ ਤੇ ਅਖੰਡਤਾ ਦੇ ਪਿਛਾਖੜੀ ਨਾਹਰੇ ਦੀ ਦੁਹਾਈ ਪਿੱਛੇ ਕੰਮ ਕਰਦੇ ਉਹਨਾ ਦੇ ਫੌਰੀ ਤੇ ਬੁਨਿਆਦੀ ਮੰਤਵਾਂ ਨੂੰ ਬੁੱਝਣ ਦੇ ਗੰਭੀਰ ਯਤਨ ਕੀਤੇ ਗਏ ਹਨ। ਭਾਰਤੀ ਰਾਜ ਅੰਦਰਲੇ ਹੋਰਨਾਂ ਮਜ਼ਲੂਮ ਵਰਗਾਂ, ਜਿਹੜੇ ਸਿੱਖਾਂ ਵਾਂਗ ਹੀ ਭਾਰਤੀ ਹਾਕਮਾਂ ਹੱਥੋਂ ਜਬਰ, ਦਾਬੇ ਤੇ ਲੁੱਟ-ਖਸੁੱਟ ਦਾ ਸ਼ਿਕਾਰ ਹਨ, ਦੀ ਆਪਣੇ ਸੰਗੀਆਂ ਵਜੋਂ ਨਿਸ਼ਾਨਦੇਹੀ ਕਰਦਿਆਂ, ਉਹਨਾਂ ਨਾਲ ਸੰਗਰਾਮੀ ਸਾਂਝਾਂ ਗੰਢਣ ਦੀ ਲੋੜ ਅਤੇ ਨੀਤੀ ਉਤੇ ਜ਼ੋਰ ਦਿੱਤਾ ਗਿਆ ਹੈ। ਬਿਨਾਂ ਸ਼ੱਕ ਸਿਧਾਂਤਕ ਦ੍ਰਿਸ਼ਟੀ ਤੋਂ ਦੇਖਿਆਂ ਇਹ ਸਾਰੇ ਪੱਖ, ਦਸਤਾਵੇਜ਼ਾਂ ਦਾ ਹਾਂ-ਦਰੂ ਲੱਛਣ ਹਨ।

## ਲਹਿਰ ਦੇ ਨਿਸ਼ਾਨੇ ਤੇ ਸਾਧਨ ਬਾਰੇ

ਇਹ ਸ਼ਾਇਦ ਪਹਿਲਾ ਮੌਕਾ ਹੈ ਜਦ ਸਿੱਖ ਸੰਘਰਸ਼ ਦੀ ਅਗਵਾਈ ਕਰਨ ਵਾਲੀ ਕਿਸੇ ਜਥੇਬੰਦੀ (ਜਾਂ ਜਥੇਬੰਦੀਆਂ) ਨੇ ਭਾਰਤ ਦੇ ਮੌਜੂਦਾ ਸੰਵਿਧਾਨ ਤੇ ਰਾਜਕੀ-ਢਾਂਚੇ ਨੂੰ ਪੂਰਨ ਰੂਪ 'ਚ ਰੱਦ ਕਰਨ ਅਤੇ ਗੁਲਾਮੀ ਦੇ ਜੂਲੇ ਨੂੰ ਮੁਕੰਮਲ ਤੌਰ 'ਤੇ ਗਲੋਂ ਵਗਾਹ ਮਾਰਨ ਲਈ ਭਾਰਤੀ ਹਾਕਮਾਂ ਕੋਲੋਂ ਸਿਆਸੀ ਸੱਤ੍ਹਾ ਖੋਹਣ ਦੇ ਉਦੇਸ਼ ਦਾ ਬਕਾਇਦਾ ਜਥੇਬੰਦ ਰੂਪ 'ਚ ਖੁਲ੍ਹਕੇ ਐਲਾਨ ਕੀਤਾ ਹੋਵੇ। ਪਹਿਲਾਂ ਸਿੱਖ ਅੰਦੋਲਨਾਂ ਦਾ ਉਦੇਸ਼ ਕਿਸੇ ਸੰਵਿਧਾਨਕ ਦਾਇਰੇ ਦੇ ਅੰਦਰ ਰਿਆਇਤਾਂ ਜਾਂ ਵਜ਼ਾਰਤੀ ਕੁਰਸੀਆਂ ਹਾਸਲ ਕਰਨ ਤੱਕ ਹੀ ਸੀਮਤ ਰਹਿੰਦਾ ਰਿਹਾ ਹੈ। ਜਾਂ ਸਿੱਖ ਜੱਦੋਜਹਿਦ ਦੇ ਨਿਸ਼ਾਨਿਆਂ ਦੀ ਗੱਲ ਗੋਲ-ਮੋਲ ਢੰਗ ਨਾਲ ਹੀ ਕੀਤੀ ਜਾਂਦੀ ਰਹੀ ਹੈ। ਭਾਰਤੀ ਹਾਕਮਾਂ ਵੱਲੋਂ ਖਿੱਚੀ ਸੰਵਿਧਾਨ ਦੀ 'ਲਛਮਣ ਰੇਖਾ' ਨੂੰ ਲਲਕਾਰ ਕੇ ਰੱਦ ਕਰਨ ਅਤੇ ਆਪਣੇ ਉਦੇਸ਼ ਦੀ ਪੂਰਤੀ ਲਈ ਹਥਿਆਰਬੰਦ ਘੋਲ ਦੇ ਰਾਹ ਦੀ ਲੋੜ ਨੂੰ ਉਭਾਰਨ ਪੱਖੋਂ ਇਹ ਦਸਤਾਵੇਜ਼ਾਂ,ਸਿੱਖ ਸੰਘਰਸ਼ ਦੇ ਇਤਿਹਾਸ ਅੰਦਰ ਆਪਣੀ ਨਿਵੇਕਲੀ ਅਹਿਮੀਅਤ ਰਖਦੀਆਂ ਹਨ।

ਬਿਨਾਂ ਸ਼ੱਕ, ਖਾਲਿਸਤਾਨ ਬਨਾਉਣ ਲਈ ਦਿੱਤੇ ਸੱਦੇ ਨੇ ਸਿਆਸੀ ਸੱਤ੍ਹਾ ਤੇ ਇਸ ਨੂੰ ਹਾਸਲ ਕਰਨ ਲਈ ਹਥਿਆਰਬੰਦ ਜੱਦੋਜਹਿਦ ਦੇ ਸੁਆਲ ਨੂੰ ਤਿੱਖੇ ਰੂਪ 'ਚ ਉਭਾਰ ਕੇ ਸਾਹਮਣੇ ਲੈ ਆਂਦਾ ਹੈ। ਇਸ ਨਾਲ ਨਾ ਸਿਰਫ ਸਿੱਖ ਜਦੋਜਹਿਦ ਵਿਚ ਸਿਫਤੀ ਤਬਦੀਲੀ ਆ ਗਈ ਹੈ ਸਗੋਂ ਇਸਨੇ ਭਾਰਤ ਦੇ ਹੋਰਨਾਂ ਖਿੱਤਿਆਂ ਅੰਦਰਲੀਆਂ ਕੌਮੀ ਜੱਦੋਜਹਿਦਾਂ ਉਤੇ ਵੀ ਉਤਸ਼ਾਹੀ ਪਰਭਾਵ ਛੱਡਿਆ ਹੈ। ਪਰ ਖਾਲਿਸਤਾਨ ਦੇ ਨਾਹਰੇ ਦੇ ਇਸ ਹਾਂ-ਦਰੂ ਪੱਖ ਦੇ ਨਾਲ ਹੀ ਇਸ ਦਾ ਨਾਂਹ-ਪੱਖੀ ਪਹਿਲੂ ਵੀ ਹੈ। ਖਾਲਿਸਤਾਨ ਦਾ ਸੰਕਲਪ ਸਿੱਖ ਧਰਮ ਦੇ ਅਧਾਰ 'ਤੇ ਉਸਾਰੇ ਜਾਣ ਵਾਲੇ ਰਾਜ ਦਾ ਸੰਕਲਪ ਹੈ। ਜਦੋਂ ਕੋਈ ਰਾਜ ਕਿਸੇ ਇਕ ਧਰਮ ਦੇ ਅਧਾਰ 'ਤੇ ਉਸਾਰਿਆ ਜਾਂਦਾ ਹੈ ਤਾਂ ਉਸ ਰਾਜ ਅੰਦਰ ਸਾਰੇ ਧਰਮਾਂ ਨਾਲ ਬਰਾਬਰੀ ਦਾ ਸਲੂਕ ਸੰਭਵ ਨਹੀਂ। ਭਾਵੇਂ ਖਾਲਿਸਤਾਨੀ ਲਹਿਰ ਦੀਆਂ ਇਹਨਾਂ ਦਸਤਾਵੇਜ਼ਾਂ ਅੰਦਰ, ਅਤੇ ਹੋਰਨਾਂ ਪਰਚਾਰੀ ਲਿਖਤਾਂ ਤੇ ਬਿਆਨਾਂ ਆਦਿ ਅੰਦਰ ਵੀ ਇਹ ਗੱਲ ਬੜੇ ਦਾਅਵੇ ਨਾਲ ਕਹੀ ਜਾਂਦੀ ਹੈ ਕਿ ਖਾਲਿਸਤਾਨ ਵਿਚ ਸਾਰੇ ਧਰਮਾਂ ਦੇ ਲੋਕ ਪੂਰਨ ਬਰਾਬਰੀ ਤੇ ਸਨੇਹ-ਭਾਵ ਨਾਲ ਰਹਿਣਗੇ ਅਤੇ ਕਿਸੇ ਵੀ ਧਰਮ ਨਾਲ ਵਿਤਕਰਾ ਨਹੀਂ ਹੋਵੇਗਾ। ਪਰ ਧਰਮ 'ਤੇ ਅਧਾਰਤ ਰਾਜ ਅੰਦਰ ਇਹ ਗੱਲ ਸੰਭਵ ਨਹੀਂ ਹੋ ਸਕਦੀ। ਜੇ ਖਾਲਿਸਤਾਨ ਅੰਦਰ ਸਿੱਖ ਧਰਮ ਸਰਕਾਰੀ ਧਰਮ ਹੋਵੇਗਾ ਤਾਂ ਕੀ ਦੂਸਰੇ ਧਰਮ ਗੈਰ-ਸਰਕਾਰੀ ਨਹੀਂ ਬਣ ਜਾਣਗੇ ? ਫਿਰ ਸਭਨਾਂ ਧਰਮਾਂ ਦੀ ਬਰਾਬਰੀ ਕਿੱਥੇ ਰਹਿ ਜਾਵੇਗੀ ? ਸਭਨਾਂ ਧਰਮਾਂ ਦੀ ਬਰਾਬਰੀ ਤਾਂ ਹੀ ਸੰਭਵ ਹੈ ਜੇਕਰ ਰਾਜ ਜਮਹੂਰੀ ਹੋਵੇ ਤੇ ਸ਼ਬਦ ਦੇ ਅਸਲੀ ਅਰਥਾਂ ਵਿਚ ਸੈਕੂਲਰ ਹੋਵੇ। ਅਜਿਹੇ ਰਾਜ ਦੀ ਕਾਇਮੀ ਦਾ ਨਾਹਰਾ ਹੀ ਸਭਨਾ ਧਰਮਾਂ ਤੇ ਜਾਤਾਂ ਦੇ ਲੋਕਾਂ ਨੂੰ ਧਾਰਮਿਕ ਤੇ ਜਾਤ-ਪਾਤੀ ਵਖਰੇਵਿਆਂ ਤੋਂ ਉਪਰ ਉਠਕੇ ਸਾਂਝੀ ਕੌਮੀ ਲਹਿਰ 'ਚ ਸ਼ਾਮਲ ਹੋਣ ਲਈ ਪਰੇਰਿਤ ਜਾਂ ਉਤਸ਼ਾਹਤ ਕਰ ਸਕਦਾ ਹੈ। ਸਿੱਖ ਧਰਮ 'ਤੇ

ਅਧਾਰਤ ਖਾਲਿਸਤਾਨੀ ਰਾਜ ਕਾਇਮ ਕਰਨ ਦਾ ਸੱਦਾ ਗੈਰ ਸਿੱਖ ਤਬਕਿਆਂ ਨੂੰ ਕੌਮੀ ਜੱਦੋਜਹਿਦ 'ਚ ਨਹੀਂ ਖਿਚ ਸਕਦਾ ਕਿਸੇ ਹਿੰਦੂ, ਮੁਸਲਮਾਨ, ਈਸਾਈ ਜਾਂ ਬੋਧੀ ਨੂੰ ਸਿੱਖ ਰਾਜ ਕਾਇਮ ਕਰਨ 'ਚ ਭਲਾ ਕੀ ਰੁਚੀ ਹੋ ਸਕਦੀ ਹੈ ? (ਬਿਲ-ਕੁੱਲ ਉਵੇਂ ਜਿਵੇਂ ਕਿਸੇ ਸਿੱਖ ਨੂੰ ਮੁਸਲਿਮ, ਈਸਾਈ ਜਾਂ ਹਿੰਦੂ ਰਾਜ ਕਾਇਮ ਕਰਨ 'ਚ ਕੋਈ ਦਿਲਚਸਪੀ ਨਹੀਂ ਹੋਵੇਗੀ।) ਹਾਂ, ਹਿੰਦੂ ਬ੍ਰਾਹਮਣਵਾਦੀ ਹਾਕਮਾਂ ਹੱਥੋਂ ਲੁੱਟ, ਜਬਰ ਤੇ ਅਨਿਆ ਦੇ ਸ਼ਿਕਾਰ ਸਭਨਾਂ ਧਰਮਾਂ ਦੇ ਲੋਕਾਂ ਨੂੰ ਇਕ ਅਜ਼ਾਦ, ਜਮਹੂਰੀ ਤੇ ਸੈਕੂਲਰ ਰਾਜ ਕਾਇਮ ਕਰਨ 'ਚ ਬਰਾਬਰ ਦੀ ਦਿਲਚਸਪੀ ਹੋਵੇਗੀ। ਅਜਿਹੇ ਰਾਜ ਦੀ ਕਾਇਮੀ ਦਾ ਸੱਦਾ ਹੀ ਉਹਨਾਂ ਨੂੰ ਇਕਮੁੱਠ ਕਰ ਸਕੇਗਾ। ਇਕ ਪਾਸੇ ਸਿੱਖ ਰਾਜ ਕਾਇਮ ਕਰਨ ਦਾ ਨਿਸ਼ਾਨਾ ਮਿਥਣਾ ਤੇ ਦੂਜੇ ਪਾਸੇ ਗੈਰ-ਸਿੱਖਾਂ ਦੇ ਸਹਿਯੋਗ ਦੀ ਮੰਗ ਕਰਨੀ, ਇਨ੍ਹਾਂ ਦੋਨਾਂ ਗੱਲਾਂ ਦਾ ਆਪਸ ਵਿਚ ਕੋਈ ਸੁਰਮੇਲ ਨਹੀਂ। ਨਾਲੇ ਗੈਰ-ਸਿੱਖ ਤਬਕਿਆਂ ਨੇ ਸਿੱਖਾਂ ਦੀਆਂ ਮਹਿਜ਼ ਕਹੀਆਂ ਹੋਈਆਂ ਗੱਲਾਂ 'ਤੇ ਯਕੀਨ ਨਹੀਂ ਕਰਨਾ। [ਅਜ਼ਾਦੀ ਸੰਗ੍ਰਾਮ ਦੌਰਾਨ ਦਾਅਵੇ ਤੇ ਵਾਅਦੇ ਤਾਂ ਭਾਰਤ ਦੇ ਅਜੋਕੇ ਹਾਕਮਾਂ ਨੇ ਵੀ ਬਹੁਤ ਕੀਤੇ ਸਨ] ਉਹਨਾਂ ਦਾ ਭਰੋਸਾ ਕਥਨਾਂ ਨਾਲ ਨਹੀਂ, ਅਮਲਾਂ ਨਾਲ ਹੀ ਜਿਤਿਆ ਜਾ ਸਕਦਾ ਹੈ। ਜਦ ਖਾਲਿਸਤਾਨੀ ਖਾੜਕੂ ਪੰਜਾਬ ਦੇ ਹਿੰਦੂਆਂ ਨੂੰ ਮਹਿਜ਼ ਹਿੰਦੂ ਹੋਣ ਕਾਰਨ ਹੀ ਕਤਲ ਕਰ ਸੁੱਟਦੇ ਹਨ, ਜਦ ਹਿੰਦੂਆਂ ਉਤੇ ਦਹਿਸ਼ਤ ਪਾ ਕੇ ਉਹਨਾਂ ਨੂੰ ਪੰਜਾਬ ਤੋਂ ਬਾਹਰ ਧੱਕਣ ਦੀ ਨੀਤੀ ਅਮਲ 'ਚ ਲਿਆਂਦੀ ਜਾਂਦੀ ਹੈ, ਅਤੇ ਜਦ ਪੰਜਾਬ ਦੇ ਹਿੰਦੂ ਵਰਗ ਦੇ ਇਕ ਹਿੱਸੇ ਦੀਆਂ ਸਿੱਖ ਦੁਸ਼ਮਣ ਕਾਰਵਾਈਆਂ ਨੂੰ ਅਧਾਰ ਬਣਾ ਕੇ ਸਮੁੱਚੇ ਹਿੰਦੂ ਫਿਰਕੇ ਵਿਰੁੱਧ ਹੀ ਨਫ਼ਰਤ ਪ੍ਰਗਟਾਈ ਜਾਂਦੀ ਹੈ, ਤਾਂ ਖਾਲਿਸਤਾਨੀ ਰਾਜ ਅੰਦਰ ਸਭਨਾਂ ਧਰਮਾਂ ਦੇ ਲੋਕਾਂ ਨਾਲ ਬਰਾਬਰੀ ਦੇ ਸਲੂਕ ਦੇ ਦਾਅਵਿਆਂ ਦਾ ਉੱਕਾ ਹੀ ਕੋਈ ਅਰਥ ਨਹੀਂ ਰਹਿ ਜਾਂਦਾ। ਖਾਲਿਸਤਾਨੀ ਰਾਜ ਕਿਹੋ ਜਿਹਾ ਹੋਵੇਗਾ—ਇਸਦਾ ਅੰਦਾਜ਼ਾ ਲੋਕਾਂ ਨੇ ਖਾਲਿਸਤਾਨੀ ਲਹਿਰ ਦੀਆਂ ਦਸਤਾਵੇਜ਼ਾਂ ਅਤੇ ਜੁਝਾਰੂ ਜਥੇਬੰਦੀਆਂ ਦੇ ਬਿਆਨਾਂ ਤੇ ਕਥਨਾਂ ਤੋਂ ਨਹੀਂ ਲਾਉਣਾ, ਸਗੋਂ ਉਹਨਾਂ ਦੇ ਅਮਲਾਂ ਤੋਂ ਲਾਉਣਾ ਹੈ। ਜੇਕਰ ਅੱਜ ਸਮੁੱਚੇ ਹਿੰਦੂ ਫਿਰਕੇ ਵਿਰੁੱਧ ਐਨੀ ਨਫ਼ਰਤ ਪਾਲੀ ਜਾਂਦੀ ਹੈ ਤਾਂ ਖਾਲਿਸਤਾਨ ਅੰਦਰ ਉਹਨਾਂ ਨਾਲ ਕਿਹੋ ਜਿਹਾ ਵਰਤਾਉ ਹੋਵੇਗਾ, ਇਸ ਦਾ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ। ਜੇਕਰ ਅੱਜ ਕਿਸੇ ਨੂੰ ਮਹਿਜ਼ ਵਿਰੋਧੀ ਵਿਚਾਰ ਰੱਖਣ ਦੇ ਦੋਸ਼ ਹੇਠ ਹੀ ਕਤਲ ਕਰ ਸੁੱਟਿਆ ਜਾਂਦਾ ਹੈ ਤਾਂ ਖਾਲਿਸਤਾਨੀ ਰਾਜ ਕਿੰਨਾ ਕੁ ਸਹਿਣਸ਼ੀਲ ਤੇ ਜਮਹੂਰੀ ਰਾਜ ਹੋਵੇਗਾ, ਇਸ ਦਾ ਅੰਦਾਜ਼ਾ ਲਾਉਣਾ ਵੀ ਕੋਈ ਬਹੁਤਾ ਔਖਾ ਨਹੀਂ ਖਾਲਿਸਤਾਨੀ ਲਹਿਰ ਦੇ ਕੁੱਝ ਹਿਸਿਆਂ ਦੀਆਂ ਅਜੋਕੀਆਂ ਕਾਰਵਾਈਆਂ ਤੋਂ ਇਹ ਸਿੱਟਾ ਕੱਢਣਾ ਗੈਰ-ਮੁਨਾਸਬ ਨਹੀਂ ਹੋਵੇਗਾ ਕਿ ਖਾਲਿਸਤਾਨ ਅੰਦਰ ਦਹਿਸ਼ਤ ਤੇ ਬੰਦੂਕ ਦਾ ਰਾਜ ਹੋਵੇਗਾ ਜਿੱਥੇ ਨਾ ਵਿਰੋਧੀ ਧਰਮ ਨੂੰ ਸਹਿਣ ਕੀਤਾ ਜਾਵੇਗਾ ਤੇ ਨਾ ਹੀ ਵਿਰੋਧੀ ਵਿਚਾਰ ਰੱਖਣ ਦੀ ਖੁਲ੍ਹ ਹੋਵੇਗੀ।

## ਸਿੱਖੀ-ਸਿਧਾਂਤਾਂ ਤੋਂ ਭਟਕਣ

ਕੁੱਝ ਲੋਕਾਂ ਵੱਲੋਂ, ਖਾਲਿਸਤਾਨੀ ਲਹਿਰ ਅੰਦਰ ਪ੍ਰਗਟ ਹੋਏ ਇਹਨਾਂ ਗਲਤ ਰੁਝਾਨਾਂ ਦੀ ਸਫ਼ਾਈ ਦੇਣ ਦੇ ਯਤਨ ਵਜੋਂ ਦੋ ਗਲਤ ਦਲੀਲਾਂ ਦਾ ਸਹਾਰਾ ਲਿਆ ਜਾਂਦਾ ਹੈ। ਇਕ ਤਾਂ ਇਹ ਕਿ ਅਜਿਹੀਆਂ ਗਲਤ ਕਾਰਵਾਈਆਂ ਖ਼ੁਦ ਸਰਕਾਰ ਆਪਣੇ ਬੰਦਿਆਂ ("ਕਾਲੀਆਂ ਬਿੱਲੀਆਂ") ਰਾਹੀਂ ਕਰਵਾਉਂਦੀ ਹੈ, ਜਦ ਕਿ ਖਾੜਕੂਆਂ ਦਾ ਅਜਿਹਾ ਕੋਈ ਪ੍ਰੋਗਰਾਮ ਨਹੀਂ। ਭਾਵੇਂ ਇਹ ਗੱਲ ਠੀਕ ਹੈ ਕਿ ਸਰਕਾਰ ਨੇ ਆਪਣੇ ਏਜੰਟਾਂ ਰਾਹੀਂ ਅਜਿਹੀਆਂ ਗਲਤ ਕਾਰਵਾਈਆਂ ਦੇ ਅਮਲ ਨੂੰ ਵੱਡੀ ਪੱਧਰ 'ਤੇ ਉਤਸ਼ਾਹਤ ਕੀਤਾ ਹੈ। ਪਰ ਇਸ ਸੱਚ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਖਾੜਕੂ ਲਹਿਰ ਦੇ ਕਾਫ਼ੀ ਹਿੱਸੇ ਹਿੰਦੂਆਂ ਨੂੰ ਮਾਰਨ ਵਾਲੀ ਗਲਤ ਧਾਰਨਾ ਦਾ ਸ਼ਿਕਾਰ ਰਹੇ ਹਨ ਅਤੇ ਨਿਰਦੋਸ਼ ਹਿੰਦੂਆਂ ਦੇ ਕਤਲੇਆਮ ਰਚਦੇ ਤੇ ਇਹਨਾਂ ਨੂੰ ਵਾਜਬ ਠਹਿਰਾਉਂਦੇ ਰਹੇ ਹਨ। ਭਾਵੇਂ ਇਹ ਅਮਲ ਪਹਿਲਾਂ ਨਾਲੋਂ ਕਾਫ਼ੀ ਕਮਜ਼ੋਰ ਪੈ ਗਿਆ ਹੈ। ਪਰ ਇਸ ਨੂੰ ਨੱਥ ਮਾਰਨ ਦਾ ਕਾਰਜ ਲਹਿਰ ਸਾਹਮਣੇ ਅਜੇ ਵੀ ਗੰਭੀਰ ਚੁਣੌਤੀ ਬਣਿਆ ਹੋਇਆ ਹੈ। ਜੇ ਲਹਿਰ ਦੇ ਅੰਦਰ ਹੀ ਇਹ ਭਟਕਣ ਪੈਦਾ ਨਾ ਹੋਈ ਹੁੰਦੀ ਤਾਂ ਦੁਸ਼ਮਣ ਲਈ ਆਪਣੇ ਏਜੰਟਾਂ ਰਾਹੀ ਇਸ ਅਮਲ ਨੂੰ ਉਤਸ਼ਾਹਤ ਕਰਨਾ ਸੰਭਵ ਨਹੀਂ ਸੀ ਹੋਣਾ।

ਦੂਜੀ ਦਲੀਲ ਇਹ ਆਉਂਦੀ ਹੈ ਕਿ ਸਰਕਾਰ ਲਹਿਰ ਉਤੇ ਜ਼ੁਲਮ ਢਾਹਕੇ ਭੜਕਾਹਟ ਹੀ ਐਨੀ ਪੈਦਾ ਕਰ ਦਿੰਦੀ ਹੈ ਕਿ ਗੁੱਸੇ 'ਚ ਆਏ ਖਾੜਕੂ ਅਜਿਹੀਆਂ ਕਾਰਵਾਈਆਂ ਕਰਨ ਲਈ ਮਜਬੂਰ ਹੋ ਜਾਂਦੇ ਹਨ। ਇਹ ਦਲੀਲ ਵੀ ਉੱਕਾ ਹੀ ਗਲਤ ਹੈ। ਦੁਸ਼ਮਣ ਨੇ ਤਾਂ ਲਹਿਰ ਉਤੇ ਜਬਰ ਢਾਹਕੇ ਭੜਕਾਹਟ ਪੈਦਾ ਕਰਨ ਦੇ ਯਤਨ ਕਰਨੇ ਹੀ ਹਨ।

ਇਹ ਜੁਝਾਰੂਆਂ ਦੀ ਸੂਝ-ਸਿਆਣਪ ਅਤੇ ਕਿਰਦਾਰ ਦੀ ਤਕੜਾਈ 'ਤੇ ਨਿਰਭਰ ਕਰਦਾ ਹੈ ਕਿ ਉਹ ਦੁਸ਼ਮਣ ਦੀਆਂ ਭੜਕਾਊ ਕਾਰਵਾਈਆਂ ਮੂਹਰੇ ਵੀ ਆਪਣੇ ਸਿਦਕ 'ਤੇ ਕਾਇਮ ਰਹਿੰਦੇ ਹਨ ਜਾਂ ਨਹੀਂ। ਮੁਗਲ ਰਾਜ ਵੇਲੇ ਹਾਕਮਾਂ ਨੇ ਜ਼ੁਲਮ ਢਾਹੁਣ ਤੇ ਭੜਕਾਹਟ ਪੈਦਾ ਕਰਨ 'ਚ ਕੋਈ ਕਸਰ ਨਹੀਂ ਸੀ ਛੱਡੀ। ਪਰ ਕੀ ਉਦੋਂ ਸਿੰਘ ਆਪਣੇ

ਅਸੂਲਾਂ ਤੋਂ ਥਿੜਕ ਕੇ ਨਿਰਦੋਸ਼ ਲੋਕਾਂ ਦੇ ਆਹੂ ਲਾਹੁਣ ਤੁਰ ਪਏ ਸਨ ? ਵਰਤਮਾਨ ਦੌਰ ਅੰਦਰ ਵੀ ਖਾੜਕੂ ਲਹਿਰ ਅੰਦਰਲੇ ਕੁੱਝ ਹਿੱਸਿਆਂ ਨੇ ਦੁਸ਼ਮਣ ਦੀ ਸਾਰੀ ਦਰਿੰਦਗੀ ਦੇ ਬਾਵਜੂਦ ਅਸੂਲਾਂ ਦੇ ਮਾਮਲੇ 'ਚ ਕਾਫੀ ਅਡੋਲਤਾ ਦਿਖਾਈ ਹੈ ਅਤੇ ਨਿਰਦੋਸ਼ ਲੋਕਾਂ ਉਤੇ ਘੱਤਾ ਵਰ੍ਹਾ ਕੇ ਮਨ ਦਾ ਉਬਾਲ ਕੱਢਣ ਦੇ ਗਲਤ ਰਾਹ ਪੈਣ ਦੀ ਬਜਾਇ ਸਾਂਵੇ ਦੁਸ਼ਮਣ ਨਾਲ ਹੀ ਦੋ ਹੱਥ ਕਰਨ ਦੀ ਦਰੁਸਤ ਨੀਤੀ ਦਾ ਪੱਲਾ ਫੜੀ ਰਖਿਆ ਹੈ। ਖਾੜਕੂ ਲਹਿਰ ਅੰਦਰਲੇ ਅਜਿਹੇ ਹਿੱਸੇ ਲੋਕਾਂ ਦੇ ਪਿਆਰ, ਸਤਿਕਾਰ ਤੇ ਹਮਦਰਦੀ ਦੇ ਪਾਤਰ ਬਣੇ ਹੋਏ ਹਨ। ਸੋ ਗੱਲ ਦੁਸ਼ਮਣ ਵਲੋਂ ਪੈਦਾ ਕੀਤੀ ਭੜਕਾਹਟ ਦੀ ਨਹੀਂ, ਸਗੋਂ ਖਾੜਕੂ ਲਹਿਰ ਦੇ ਕੁੱਝ ਹਿਸਿਆਂ ਦੇ ਸਿੱਖੀ ਸਿਧਾਂਤਾਂ ਤੋਂ ਥਿੜਕ ਜਾਣ ਦੀ ਹੈ।

ਸੋ ਜੇਕਰ ਸਿੱਖ ਜੁਝਾਰੂਆਂ ਦਾ ਉਦੇਸ਼ ਸੱਚਮੁੱਚ ਹੀ ਸਿੱਖੀ ਸਿਧਾਂਤਾਂ ਅਨੁਸਾਰ ਅਜਿਹਾ ਜਮਹੂਰੀ ਤੇ ਸੈਕੂਲਰ ਰਾਜ ਦੀ ਸਿਰਜਣਾ ਕਰਨਾ ਹੈ ਜਿਥੇ ਕਿਸੇ ਵੀ ਧਰਮ ਨਾਲ ਕੋਈ ਦਵੈਤ ਜਾਂ ਵਿਤਕਰਾ ਨਹੀਂ ਵਰਤਿਆ ਜਾਵੇਗਾ ਅਤੇ ਜਿਥੇ ਸਭਨਾਂ ਧਰਮਾਂ ਤੇ ਜਾਤਾਂ ਦੇ ਲੋਕ ਪੂਰਨ ਬਰਾਬਰੀ ਦੇ ਹੱਕ ਮਾਣਦੇ ਹੋਏ ਪੂਰੀ ਤਰ੍ਹਾਂ ਸਨੇਹ-ਭਾਵ ਨਾਲ ਰਹਿਣਗੇ ਤਾਂ ਉਹਨਾਂ ਨੂੰ ਇਕ ਤਾਂ ਕਹਿਣਾ ਪੈਣਾ ਹੈ ਕਿ ਖਾਲਿਸਤਾਨ ਅੰਦਰ ਕੋਈ ਇਕ ਧਰਮ ਸਰਕਾਰੀ ਤੇ ਦੂਜੇ ਗੈਰ-ਸਰਕਾਰੀ ਨਹੀਂ ਹੋਣਗੇ। ਦੂਜਾ, ਉਹਨਾਂ ਨੂੰ ਅੱਜ ਤੋਂ ਹੀ ਹੋਰਨਾ ਧਰਮਾਂ (ਹਿੰਦੂਆਂ, ਮੁਸਲਮਾਨਾਂ, ਈਸਾਈਆਂ ਆਦਿ) ਦੇ ਲੋਕਾਂ ਪ੍ਰਤੀ ਪਿਆਰ, ਹਮਦਰਦੀ ਤੇ ਦੋਸਤੀ ਪ੍ਰਗਟਾਕੇ ਚਲਣਾ ਪਵੇਗਾ ਅਤੇ ਆਮ ਹਿੰਦੂ ਜਨਤਾ ਤੇ 'ਦਿੱਲੀ ਦਰਬਾਰ' ਵਿਚ ਨਿਖੇੜਾ ਕਰਨਾ ਪਵੇਗਾ।

ਇਸੇ ਤਰ੍ਹਾਂ, ਭਾਵੇਂ ਇਹਨਾਂ ਦਸਤਾਵੇਜ਼ਾਂ ਅੰਦਰ ਪੰਜਾਬ ਅਤੇ ਦੇਸ਼ ਅੰਦਰਲੇ ਹੋਰਨਾਂ ਮਜ਼ਲੂਮ ਵਰਗਾਂ ਨਾਲ ਭਰਾਤਰੀ ਸਾਂਝ ਪ੍ਰਗਟਾਉਣ ਦੀਆਂ ਕਾਬਲੇ-ਤਾਰੀਫ ਗੱਲਾਂ ਕੀਤੀਆਂ ਗਈਆਂ ਹਨ। ਪਰ ਖਾਲਿਸਤਾਨੀ ਲਹਿਰ ਦੀ ਅਮਲੀ ਕਾਰਗੁਜ਼ਾਰੀ ਇਹਨਾਂ ਵਿਚਾਰਾਂ ਦੇ ਅਨੁਸਾਰੀ ਨਹੀਂ ਨਿਭ ਰਹੀ। ਇਸਦਾ ਕਾਰਨ ਇਹ ਹੈ ਕਿ ਦਸਤਾਵੇਜ਼ਾਂ ਅੰਦਰ ਬਹੁਤ ਸਾਰੇ ਦਰੁਸਤ ਨਿਰਣੇ ਤੇ ਵਿਚਾਰ ਤਾਂ ਦਰਜ ਕਰ ਲਏ ਗਏ ਹਨ, ਪਰ ਲਹਿਰ ਦੇ ਸੰਚਾਲਕਾਂ ਨੂੰ ਇਹਨਾਂ ਗੱਲਾਂ ਦਾ ਡੂੰਘਾ ਅਹਿਸਾਸ ਨਹੀਂ। ਉਹਨਾਂ ਦਾ ਇਹ ਅਹਿਸਾਸ ਜਾਂ ਤਾਂ ਰਸਮੀ ਹੈ ਅਤੇ ਜਾਂ ਸਤਹੀ ਹੈ। ਉਹਨਾਂ ਨੇ ਇਹਨਾਂ ਦੀ ਅਹਿਮੀਅਤ ਨਹੀਂ ਪਹਿਚਾਣੀ ਅਤੇ ਇਹਨਾਂ ਨੂੰ ਡੂੰਘੀ ਤਰ੍ਹਾਂ ਗ੍ਰਹਿਣ ਨਹੀਂ ਕੀਤਾ। ਦਰੁੱਸਤ ਗੱਲਾਂ ਲਿਖ ਲੈਣਾ ਹੀ ਕਾਫੀ ਨਹੀਂ, ਉਹਨਾਂ ਨੂੰ ਜਜ਼ਬ (Grasp) ਕਰਕੇ ਉਹਨਾਂ 'ਤੇ ਅਮਲ ਕਰਨਾ ਵੱਧ ਜ਼ਰੂਰੀ ਹੈ।

**ਸਚਹੁ ਓਰੈ ਸਭ ਕੋ। ਉਪਰਿ ਸਚੁ ਆਚਾਰ ॥**

ਸੋ ਸਿੱਖ ਖਾੜਕੂਆਂ ਵੱਲੋਂ ਜ਼ੁਲਮ, ਅਨਿਆਂ, ਵਿਤਕਰੇ ਤੇ ਧੱਕੇਸ਼ਾਹੀ ਵਿਰੁੱਧ ਅਰੰਭਿਆ ਸੰਘਰਸ਼ ਠੀਕ ਦਿਸ਼ਾ 'ਚ ਅੱਗੇ ਵਧਾਇਆ ਜਾਣਾ ਚਾਹੀਦਾ ਹੈ। ਦੁਸ਼ਮਣ ਹਿੰਦੂ ਨਹੀਂ ਹਨ। ਦੁਸ਼ਮਣ ਦਿੱਲੀ ਦਰਬਾਰ ਹੈ। ਅਤੇ 'ਕੱਲਾ ਦਿੱਲੀ ਦਰਬਾਰ ਹੀ ਨਹੀਂ। ਪਰਦੇ ਪਿੱਛੇ ਛੁਪੀਆਂ ਸਾਮਰਾਜੀ ਤਾਕਤਾਂ ਵੀ ਹਨ। ਪੰਜਾਬ ਦੇ ਲੋਕਾਂ ਦੀ ਲੁੱਟ ਇਕੱਲੇ ਭਾਰਤੀ ਜਾਂ ਹਿੰਦੂ ਸਰਮਾਏਦਾਰ ਹੀ ਨਹੀਂ ਕਰਦੇ। ਲੁੱਟ ਦੇ ਇਸ ਕਾਰੋਬਾਰ ਅੰਦਰ ਸਭ ਵੰਨਗੀ ਦੀਆਂ ਸਾਮਰਾਜੀ ਤਾਕਤਾਂ (ਜਿਸ ਵਿਚ ਅਮਰੀਕੀ ਧੜਾ ਵੀ ਹੈ ਤੇ ਰੂਸੀ ਕੈਂਪ ਵੀ) ਸ਼ਰੀਕ ਹਨ। ਨਵ ਬਸਤੀਆਨਾ ਲੁੱਟ ਦੇ ਢੰਗ ਬੜੇ ਲੁਕਵੇਂ ਹਨ। ਸਾਮਰਾਜੀ ਦਾਬੇ ਦੀਆਂ ਤੰਦਾਂ ਬੜੀਆਂ ਮਹੀਨ ਹਨ। ਇਸ ਸਮੁੱਚੇ ਲੋਟੂ ਕੋੜਮੇ ਨੂੰ ਪਛਾਨਣ ਦੀ ਲੋੜ ਹੈ। ਅੱਡ-ਅੱਡ ਰਾਜ ਸ਼ਕਤੀਆਂ ਵਿਚਲੇ ਵਿਰੋਧਾਂ ਨੂੰ ਜ਼ਰੂਰ ਵਰਤੋ। ਪਰ ਇਹਨਾਂ ਵਿਰੋਧਾਂ ਅੰਦਰ ਆਪ ਵਰਤੇ ਜਾਣ ਤੋਂ ਖਬਰਦਾਰ ਰਹੋ।

## ਅੰਤਮ ਗੱਲ

ਆਪਾ-ਨਿਰਣੇ ਦਾ ਹੱਕ ਹਰ ਕੌਮ ਦਾ ਜਨਮ ਸਿੱਧ ਅਧਿਕਾਰ ਹੈ। ਆਪਣਾ ਵੱਖਰਾ ਰਾਜ ਸਥਾਪਤ ਕਰਨਾ ਕੋਈ ਜੁਰਮ ਨਹੀਂ, ਸਗੋਂ ਹਰ ਮਜ਼ਲੂਮ ਕੌਮ ਦੀ ਇਤਿਹਾਸਕ ਲੋੜ ਤੇ ਉਸਦਾ ਮੁਢਲਾ ਅਧਿਕਾਰ ਹੈ। ਇਸ ਪੱਖੋਂ ਭਾਰਤ ਦੀ ਮੌਜੂਦਾ ਏਕਤਾ ਤੇ ਅਖੰਡਤਾ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜ ਕੇ ਵੱਖਰੇ, ਸੁਤੰਤਰ ਰਾਜ ਕਾਇਮ ਕਰਨ ਦੀ ਮੰਗ ਅਤੇ ਇਸਦੀ ਪੂਰਤੀ ਲਈ ਵਿੱਢਿਆ ਸੰਘਰਸ਼ ਨਿਆਈਂ ਹੈ। ਨਾ ਭਾਰਤੀ ਹਾਕਮਾਂ ਕੋਲ ਵੱਖਰੇ, ਸੁਤੰਤਰ ਰਾਜ ਦੀ ਸਿਰਜਣਾ ਲਈ ਜੂਝ ਰਹੇ ਪੰਜਾਬੀ ਲੋਕਾਂ ਉਤੇ 'ਵੱਖਵਾਦ' ਦੇ ਦੋਸ਼ ਲਾਉਣ ਦਾ ਕੋਈ ਸਿਆਸੀ ਜਾਂ ਇਖਲਾਕੀ ਅਧਿਕਾਰ ਹੈ, ਅਤੇ ਨਾ ਹੀ ਪੰਜਾਬੀ ਦੇਸ਼-ਭਗਤ ਤਾਕਤਾਂ ਨੂੰ ਇਸ ਦੋਸ਼ ਤੋਂ ਮੁਕਰਨ ਜਾਂ ਡਰਨ ਦੀ ਲੋੜ ਹੈ। ਵੱਖਰੇ ਰਾਜ ਦਾ ਨਾਹਰਾ ਪੂਰੀ ਸਪੱਸ਼ਟਤਾ ਤੇ ਧੜੱਲੇ ਨਾਲ ਬੁਲੰਦ ਕੀਤਾ ਜਾਣਾ ਚਾਹੀਦਾ ਹੈ। ਪਰ ਇਹ ਗੱਲ ਸਮਝਣੀ ਬਹੁਤ ਜ਼ਰੂਰੀ ਹੈ ਕਿ ਮਹਿਜ਼ ਸਿੱਖੀ ਸਿਧਾਂਤਾਂ ਮੁਤਾਬਕ ਵੀ ਸਾਡੀ ਮੰਜ਼ਲ ਸਿਰਫ਼ ਵੱਖਰੇ ਰਾਜ ਦੀ ਸਥਾਪਨਾ ਹੀ ਨਹੀਂ, ਸਗੋਂ "ਕਿਰਤ ਕਰੋ ਤੇ ਵੰਡ ਛਕੋ" ਦੇ ਅਸੂਲ ਅਨੁਸਾਰ ਪੰਜਾਬੀ ਸਮਾਜ ਦੀ ਕਾਇਆ-ਪਲਟੀ ਬਣਨੀ ਚਾਹੀਦੀ ਹੈ। ਸਰਦਾਰ ਜਗਜੀਤ ਸਿੰਘ ਹੁਰਾਂ ਨੇ ਸਿੱਖ ਲਹਿਰ ਸਬੰਧੀ ਲਿਖੀਆਂ ਆਪਣੀਆਂ ਵਿਦਵਤਾ-ਭਰ-ਪੂਰ ਰਚਨਾਵਾਂ ਸਿੱਖ ਇਨਕਲਾਬ ਅੰਗਰੇਜ਼ੀ ਤੇ ਪੰਜਾਬੀ ਅਤੇ)

(In the Caravan of Revolution ਅੰਗਰੇਜ਼ੀ) ਅੰਦਰ ਇਹ ਗੱਲ ਨਿਗਰ ਦਲੀਲਾਂ ਨਾਲ ਸਥਾਪਤ ਕੀਤੀ ਹੈ ਕਿ ਸਿੱਖ ਲਹਿਰ ਕੋਈ ਸੇਧ-ਵਿਹੂਣੀ 'ਹਿੰਸਕ ਬਗ਼ਾਵਤ' ਨਹੀਂ ਸੀ, ਸਗੋਂ ਇਕ ਇਨਕਲਾਬੀ ਲਹਿਰ ਸੀ ਜਿਸਦਾ ਉਦੇਸ਼ ਸਮਾਜ ਨੂੰ ਬਦਲਣਾ ਸੀ ਅਤੇ ਇਸ ਹਿਸਾਬ ਨਾਲ ਬਦਲਣਾ ਸੀ ਕਿ ਸਮਾਜ ਅੰਦਰੋਂ 'ਮਲਕ ਭਾਗੋਆਂ' ਦੀ ਚੌਧਰ ਖ਼ਤਮ ਕਰਕੇ 'ਭਾਈ ਲਾਲੋਆਂ' ਦੀਆਂ ਸਰਦਾਰੀਆਂ ਸਥਾਪਤ ਕੀਤੀਆਂ ਜਾ ਸਕਣ। ਇਸ ਪੱਖੋਂ, ਖਾੜਕੂ ਲਹਿਰ ਵੱਲੋਂ ਅਜੇ ਤਕ ਅਜਿਹਾ ਕੋਈ ਪ੍ਰੋਗਰਾਮ ਨਹੀਂ ਘੜਿਆ ਜਾ ਸਕਿਆ ਜਿਹੜਾ ਸਮਾਜ ਅੰਦਰ ਮੌਜੂਦ ਆਰਥਕ ਨਾ-ਬਰਾਬਰੀਆ (ਕਾਣੀ ਵੰਡ) ਨੂੰ ਖ਼ਤਮ ਕਰਕੇ ਗੁਰੂ ਨਾਨਕ ਦੇਵ ਵਲੋਂ ਦਰਸਾਏ ਸਾਂਝੀਵਾਲਤਾ ਦੇ ਨਿਜ਼ਾਮ ਦੀ ਸਿਰਜਣਾ ਦਾ ਅਧਾਰ ਬਣਦਾ ਹੋਵੇ। ਅਜਿਹੇ ਪ੍ਰੋਗਰਾਮ ਤੋਂ ਬਿਨਾ ਸਿੱਖ ਜੁਝਾਰੂ ਲਹਿਰ ਦੀ ਸਿੱਖੀ ਸਿਧਾਂਤਾਂ ਨੂੰ ਪਰਣਾਏ ਹੋਣ ਦੀ ਗੱਲ ਵਿਅਰਥ ਬਣਕੇ ਰਹਿ ਜਾਵੇਗੀ।

ਸੋ, ਇਸ ਤਰ੍ਹਾਂ, ਕੁੱਲ ਮਿਲਾਕੇ ਇਹ ਦਸਤਾਵੇਜ਼ਾਂ ਖਾੜਕੂ ਲਹਿਰ ਵੱਲੋਂ ਠੀਕ ਪਾਸੇ ਵੱਲ ਪੁੱਟਿਆ ਮਹੱਤਵਪੂਰਨ ਪਰ ਮੁਢਲਾ ਕਦਮ ਹੈ। ਲੋੜ ਹੈ ਇਹਨਾਂ ਦਸਤਾਵੇਜ਼ਾਂ 'ਤੇ ਅਧਾਰਤ ਕਰਦੇ ਹੋਏ, ਸਿਧਾਂਤ ਤੇ ਅਮਲ ਦੇ ਖੇਤਰ ਅੰਦਰ ਸਾਹਮਣੇ ਆ ਰਹੀਆਂ ਤਰੁੱਟੀਆਂ ਨੂੰ ਦੂਰ ਕਰਨ ਤੇ ਲਹਿਰ ਨੂੰ ਇਕ ਹਕੀਕੀ ਕੌਮੀ ਲਹਿਰ 'ਚ ਪਲਟਣ ਦੀ। ਅਜਿਹੀ ਕੌਮੀ ਲਹਿਰ ਜਿਹੜੀ ਪੰਜਾਬ ਦੇ ਹਿੱਤਾਂ ਦਾ ਦਮ ਭਰਨ ਵਾਲੇ ਸਭਨਾਂ ਲੋਕਾਂ ਨੂੰ, ਧਾਰਮਿਕ ਤੇ ਜਾਤ-ਪਾਤੀ ਵਖਰੇਵਿਆਂ ਦੇ ਬਾਵਜੂਦ, ਸਾਂਝ ਦੀ ਲੜੀ 'ਚ ਪਰੋ ਸਕੇ। ✠

---

"... ਜਦ ਵੀ ਕਿਸੇ ਕੌਮ ਦੀ ਤਕਦੀਰ ਨੇ ਕੋਈ ਵੱਡੀ ਕਰਵਟ ਲਈ ਹੈ ਤਾਂ ਉਸ ਵਿਚ ਵਿਦਿਆਰਥੀਆਂ/ਨੌਜਵਾਨਾਂ ਦਾ ਰੋਲ ਉਭੱਰਵਾਂ ਰਿਹਾ ਹੈ। ਜਦ ਵੀ ਕਿਸੇ ਸਮਾਜ ਨੂੰ ਤਿੱਖੇ ਸੰਕਟ ਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ ਤਾਂ ਪਹਿਲਾਂ ਉਸ ਅੰਦਰਲੇ ਨੌਜੁਆਨ ਲਹੂ ਨੇ ਹੀ ਗਰਮ ਉਬਾਲਾ ਖਾਧਾ ਹੈ। ਜਦ ਵੀ ਧਾੜਵੀ ਤਾਕਤ ਨੇ ਕਿਸੇ ਕੌਮ ਦੀ ਅਣਖ ਤੇ ਸਵੈਮਾਨ ਨੂੰ ਆਪਣੇ ਨਾਪਾਕ ਪੈਰਾਂ ਹੇਠ ਰੋਲਣ ਦੀ ਕੋਸ਼ਿਸ਼ ਕੀਤੀ ਹੈ ਤਾਂ ਇਸ ਨਮੋਸ਼ੀ ਵਿਰੋਧ ਰੋਸ ਤੇ ਬਗ਼ਾਵਤ ਦਾ ਲਾਵਾ ਪਹਿਲਾ ਨੌਜਵਾਨ ਹਿਰਦਿਆਂ ਅੰਦਰ ਹੀ ਖੌਲਿਆ ਹੈ। ਅਕਸਰ ਨੌਜੁਆਨ ਹੀ ਹੁੰਦੇ ਹਨ ਜੋ ਕਿਸੇ ਮਜ਼ਲੂਮ ਕੌਮ ਦੀ ਆਜ਼ਾਦੀ ਦਾ ਪਹਿਲਾ ਤਰਾਨਾ ਗਾਉਂਦੇ ਹਨ।"


## ਪੰਜਾਬੀ ਵਿਦਿਆਰਥੀਆਂ ਦੀ ਇਨਕਲਾਬੀ ਜਥੇਬੰਦੀ

# ਦੇਸ਼ ਪੰਜਾਬ ਸਟੂਡੈਂਟਸ ਯੂਨੀਅਨ

ਵਲੋਂ ਖੁੱਲੇ ਵਿਚਾਰ-ਵਟਾਂਦਰੇ ਲਈ ਜਾਰੀ ਕੀਤਾ ਗਿਆ ਐਲਾਨਨਾਮਾ ਛਪ ਚੁੱਕਾ ਹੈ।

ਸੰਪਾਦਕ ਪਤਾ : ਗੁਰਮੀਤ ਸਿੰਘ, ਕਮਰਾ ਨੰਬਰ 59-ਸੀ
ਭਾਈ ਵੀਰ ਸਿੰਘ ਹੋਸਟਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਕੀਮਤ : 2 ਰੁਪਏ


---

### ਪੰਜਾਬ ਦੇ ਕੌਮਾਂਤਰੀ ਪਰਸਿੱਧੀ ਪ੍ਰਾਪਤ ਮਾਰਕਸਵਾਦੀ ਵਿਦਵਾਨ
### ਡਾ: ਗੁਰਭਗਤ ਸਿੰਘ (ਪੰਜਾਬੀ ਯੂਨੀਵਰਸਿਟੀ, ਪਟਿਆਲਾ) ਦੀ

## ਪੰਜਾਬ ਮਸਲੇ ਬਾਰੇ ਇੱਕ ਅਹਿਮ ਗੱਲਬਾਤ

✠ "ਸਾਡੇ ਬੁੱਧੀਜੀਵੀ ਕਾਇਰ ਹਨ.. ਆਉਂਦੇ ਸਾਲਾਂ 'ਚ ਦਲੇਰ ਬੁੱਧੀਜੀਵੀ ਜ਼ਰੂਰ ਪੈਦਾ ਹੋਣਗੇ।"

✠ "ਸਪੱਸ਼ਟ ਕਰਨ ਦੀ ਲੋੜ ਹੈ ਕਿ ਲੜਾਈ ਕੇਂਦਰੀ ਲੋਟੂ ਸਰਕਾਰ ਨਾਲ ਹੈ, ਕਿਸੇ ਹਿੰਦੂ ਵਿਰੁੱਧ ਨਹੀਂ।"

✠ "ਇਹ ਜਵਾਲਾ ਉਦੋਂ ਤੱਕ ਠੰਢੀ ਨਹੀਂ ਪੈਣੀ, ਜਦੋਂ ਤੱਕ ਗੁਰੂਆਂ ਦੇ ਸਾਜੇ ਅਤੇ ਚਿਤਵੇ ਹੋਏ ਕਰਾਂਤੀਕਾਰੀ ਮਨੁੱਖ ਦਾ ਰਾਜ ਨਹੀਂ ਆ ਜਾਂਦਾ।"

✠ "ਸ਼ਹੀਦਾਂ ਦਾ ਖ਼ੂਨ ਪ੍ਰੇਰਨਾ ਦਿਆ ਕਰਦਾ ਹੈ...ਪਰ ਜੇ ਪ੍ਰੇਰਨਾ ਲੈਣ ਵਾਲਿਆਂ ਨੇ ਸਮਕਾਲੀ ਰਾਜਨੀਤੀ ਨੂੰ ਸਮਝਣ ਦੀ ਕੋਸ਼ਿਸ਼ ਹੀ ਨਾ ਕੀਤੀ...ਤਾਂ ਸ਼ਹੀਦਾਂ ਦਾ ਖ਼ੂਨ ਅਜਾਈਂ ਵੀ ਜਾ ਸਕਦਾ ਹੈ।"

ਇਹ ਗੱਲਬਾਤ ਡਾ: ਗੁਰਭਗਤ ਸਿੰਘ ਨੇ ਇਸ ਸਾਲ ਜੁਲਾਈ ਮਹੀਨੇ ਆਪਣੀ ਲੰਡਨ ਫੇਰੀ ਦੌਰਾਨ ਉਥੋਂ ਛਪਦੇ ਇਕ ਪੰਜਾਬੀ ਪਰਚੇ ("ਦੇਸ ਪਰਦੇਸ") ਨਾਲ ਕੀਤੀ ਸੀ। ਜਿਸ ਵਿਚ ਉਹਨਾਂ ਪੰਜਾਬ ਸਮੱਸਿਆ ਦੇ ਬਹੁਤ ਸਾਰੇ ਬੁਧੀਜੀਵੀਆਂ ਵੱਲੋਂ ਅਣਗੌਲੇ ਕੀਤੇ ਜਾ ਰਹੇ ਗੂੜ ਵਿਚਾਰਧਾਰਕ ਪਹਿਲੂਆਂ ਤੋਂ ਲੈ ਕੇ, ਚੱਲ ਰਹੇ ਮੌਜੂਦਾ ਖਾੜਕੂ ਸੰਘਰਸ਼ ਨਾਲ ਜੁੜੇ ਹੋਏ ਮਹੱਤਵਪੂਰਨ ਅਮਲੀ ਸੁਆਲਾਂ ਬਾਰੇ ਆਪਣੇ ਵਿਚਾਰਾਂ ਦਾ ਬੇਬਾਕ ਪ੍ਰਗਟਾਵਾ ਕੀਤਾ ਹੈ। ਇਹ ਇਕ ਅਜਿਹੀ ਗੱਲਬਾਤ ਹੈ ਜਿਸਨੂੰ ਪੜ੍ਹਕੇ ਨਾ ਸਿਰਫ ਪਾਠਕ ਲਈ ਬਹੁਤ ਕੁੱਝ ਨਵਾਂ ਸੋਚਣ ਨੂੰ ਮਿਲਦਾ ਹੈ ਸਗੋਂ ਉਸ ਅੰਦਰ "ਕੁੱਝ ਨਵਾਂ" ਕਰਨ ਦਾ ਜਜ਼ਬਾ ਵੀ ਅੰਗੜਾਈਆਂ ਲੈ ਉੱਠਦਾ ਹੈ। ਇਹ ਗੱਲਬਾਤ "ਜਨਤਕ ਪੈਗਾਮ" ਦੇ ਅਗਲੇ ਅੰਕ 'ਚ ਛਪਕੇ ਆ ਰਹੀ ਹੈ।

# ਲਹਿਰ ਨੂੰ ਪਰਿਵਾਰਾਂ ਦੀ ਥਾਂ ਵਿਚਾਰਾਂ ਨਾਲ ਜੋੜੋ

ਗਜਿੰਦਰ ਸਿੰਘ (ਦਲ ਖਾਲਸਾ) ਸੈਂਟਰਲ ਜੇਲ੍ਹ, ਕੋਟ ਲੱਖਪੱਤ, ਲਾਹੌਰ

ਸਾਨੂੰ ਇਹ ਗੱਲ ਚੰਗੀ ਤਰ੍ਹਾਂ ਆਪਣੇ ਅੰਦਰ ਵਸਾ ਲੈਣੀ ਚਾਹੀਦੀ ਹੈ ਕਿ ਸਾਡਾ ਟਕਰਾਓ ਦਿੱਲੀ ਦੀ ਕੇਂਦਰੀ ਸ਼ਕਤੀ ਤੇ ਉਸਦੇ ਸਾਰੇ ਅੰਗਾਂ ਨਾਲ ਹੈ। ਹਾਕਮ ਧਿਰ ਨਾਲ ਵੀ ਤੇ ਵਿਰੋਧੀ ਧਿਰ ਨਾਲ ਵੀ ਕਈ ਵਾਰ ਸਾਡੇ 'ਕੁਝ ਵੀਰ' ਕਾਂਗਰਸ ਜ਼ਮਾਤ ਨੂੰ ਹੀ ਆਪਣਾ ਦੁਸ਼ਮਣ ਗਰਦਾਨਦੇ ਹਨ ਅਤੇ ਇਸਦੇ ਕਿਸੇ ਦੂਜੇ ਬਦਲ ਤੋਂ ਕਾਫ਼ੀ ਉਮੀਦਾਂ ਦਾ ਇਜ਼ਹਾਰ ਵੀ ਕਰਦੇ ਹਨ। ਜਿਵੇਂ ਕੁਝ ਲੋਕਾਂ ਨੂੰ ਰਾਮ ਜੇਠ ਮਲਾਨੀ ਅਤੇ 'ਜੰਨਤਾ ਦਲ' ਤੋਂ ਕਾਫ਼ੀ ਉਮੀਦਾਂ ਹਨ। ਇਹ ਠੀਕ ਹੈ ਕਿ ਸਾਨੂੰ ਦੁਸ਼ਮਣ ਦੇ ਕਮਜ਼ੋਰ ਪਹਿਲੂ ਦੀ ਸਮਝ ਵੀ ਹੋਣੀ ਚਾਹੀਦੀ ਹੈ ਅਤੇ ਉਸਤੋਂ ਫਾਇਦਾ ਉਠਾ ਸਕਣ ਦੀ ਜਾਚ ਵੀ ਆਉਣੀ ਚਾਹੀਦੀ ਹੈ ਪਰ ਕਿਸੇ ਵੀ ਤਰ੍ਹਾਂ ਮਕਸਦ ਨੂੰ ਪਿੱਛੇ ਪਾ ਕੇ ਨਹੀਂ। ਸਾਨੂੰ ਇਸ ਗੱਲ ਵਿਚ ਖੁਦ ਵੀ ਸਪੱਸ਼ਟ ਹੋਣਾ ਚਾਹੀਦਾ ਹੈ ਅਤੇ ਬਾਕੀ ਦੁਨੀਆਂ ਸਾਹਮਣੇ ਵੀ ਇਹ ਗੱਲ ਸਪੱਸ਼ਟ ਕਰ ਦੇਣੀ ਚਾਹੀਦੀ ਹੈ ਕਿ ਸਾਡੇ ਲਈ ਸਾਹਮਣੀ ਧਿਰ 'ਦਿੱਲੀ' ਹੈ, ਕਾਂਗਰਸ ਜਮਾਤ ਜਾਂ ਹਰਿਆਣਾ ਸੂਬਾ ਨਹੀਂ, ਅਸੀਂ ਇਕ ਅਜ਼ਾਦੀ ਪਸੰਦ ਕੌਮ ਦੇ ਨਾਤੇ ਇਕ ਗਾਜ਼ਿਬ ਤਾਕਤ ਵਿਰੁੱਧ ਸੰਘਰਸ਼ਸ਼ੀਲ ਹਾਂ। ਅਗਰ ਰਾਮ ਜੇਠਮਲਾਨੀ ਦੀ ਹਮਦਰਦੀ ਸਾਡੇ ਤੋਂ ਕੌਮੀ ਹਿਤਾਂ ਦੀ ਕੋਈ ਕੁਰਬਾਨੀ ਮੰਗਦੀ ਹੈ ਜਾਂ ਸਾਨੂੰ ਸਾਡੇ ਮਕਸਦ ਤੋਂ ਦੂਰ ਲਿਜਾਣ ਦਾ ਕਾਰਨ ਬਣਦੀ ਹੈ ਤਾਂ ਸਾਨੂੰ ਐਸੀ ਹਮਦਰਦੀ ਨਹੀਂ ਚਾਹੀਦੀ। ਆਸਾਮ ਦੀ ਮਿਸਾਲ ਸਾਡੇ ਸਾਹਮਣੇ ਹੈ ਕਿ ਹਾਕਮ ਜਮਾਤ ਕਾਂਗਰਸ ਆਸਾਮ ਸੰਘਰਸ਼ ਤੇ ਸਖਤੀ ਕਰ ਰਹੀ ਸੀ ਅਤੇ ਵਿਰੋਧੀ ਧਿਰ ਖਾਸ ਕਰ ਭਾਰਤੀ ਜੰਨਤਾ ਪਾਰਟੀ ਵਿਦਿਆਰਥੀਆਂ ਦੀ ਮਦਦ 'ਤੇ ਜਾ ਖੜ੍ਹੀ ਹੋਈ ਸੀ ਅਤੇ ਸੰਘਰਸ਼ ਵਿਚ ਵਿਰੋਧੀ ਧਿਰ ਦੀ ਇਸੇ ਘੁਸਪੈਠ ਨੇ ਸੰਘਰਸ਼ ਨੂੰ ਉਸਦੇ ਅਸਲ ਮਕਸਦ ਤੋਂ ਤਿਲਕਾ ਦਿੱਤਾ।

ਲਹਿਰ ਨੂੰ ਵਿਚਾਰਾਂ ਨਾਲ ਜੋੜਿਆ ਜਾਵੇ, ਕਿਸੇ ਸ਼ਖਸੀਅਤ ਜਾਂ ਪਰਵਾਰ ਨਾਲ ਨਹੀਂ। ਇਸ ਨੁਕਤੇ ਨੂੰ ਸੰਤ ਭਿੰਡਰਾਂਵਾਲਿਆਂ ਦੀ ਸ਼ਖਸੀਅਤ ਜਾਂ ਉਹਨਾਂ ਦੇ ਪਰਵਾਰ ਉੱਤੇ ਕਟਾਖਸ਼ ਨਹੀਂ ਸਮਝਿਆ ਜਾਣਾ ਚਾਹੀਦਾ। ਇਹ ਇਕ ਸਿਧਾਂਤਕ ਗੱਲ ਹੈ। 1984 ਦੇ ਘੱਲੂਘਾਰੇ ਤੋਂ ਬਾਦ ਜਦ ਲਹਿਰ ਵਿਚ ਲੀਡਰਸ਼ਿਪ ਦਾ ਖਲਾਅ ਸੀ ਤਾਂ ਕੁਝ ਲੋਕ ਕਿਹਾ ਕਰਦੇ ਸਨ, 'ਸਾਨੂੰ ਅਨੰਦਪੁਰ ਦੇ ਮਤੇ ਜਾਂ ਖਾਲਿਸਤਾਨ ਨਾਲ ਕੋਈ ਸਰੋਕਾਰ ਨਹੀਂ, ਅਸੀਂ ਤਾਂ ਸੰਤਾਂ ਦੇ ਨਾਲ ਹਾਂ, ਜਿਵੇਂ ਉਹ ਆਪ ਜਾਂ ਉਹਨਾਂ ਦਾ ਵਾਰਿਸ ਕਹੇਗਾ, ਕਰਾਂਗੇ'। ਸੰਤਾਂ ਦੇ ਵਾਰਿਸ ਬਾਰੇ ਇਨ੍ਹਾਂ ਲੋਕਾਂ ਦੇ ਖਿਆਲ ਸਨ, 'ਸੰਤਾਂ ਕਾ ਕੁੱਤਾ ਵੀ ਆਵੇ, ਅਸੀਂ ਉਸਦਾ ਸਾਥ ਦਿਆਂਗੇ'। ਮੈਂ ਇਨ੍ਹਾਂ ਵਿਚਾਰਾਂ ਨਾਲ ਉਦੋਂ ਵੀ ਸਹਿਮਤ ਨਹੀਂ ਸਾਂ ਅਤੇ ਅੱਜ ਵੀ ਸ਼ਖਸੀਅਤ ਪ੍ਰਸਤੀ ਨੂੰ ਗਲਤੀ ਸਮਝਦਾ ਹਾਂ। ਮੇਰੀ ਸੋਚ ਕਹਿੰਦੀ ਹੈ ਕਿ ਅਸੀਂ ਸੰਤਾਂ ਦਾ ਸਤਿਕਾਰ ਉਹਨਾਂ ਦੇ ਵਿਚਾਰਾਂ ਅਤੇ ਗੁਣਾਂ ਕਰਕੇ ਕਰਦੇ ਸਾਂ ਅਤੇ ਉਹਨਾਂ ਤੋਂ ਬਾਅਦ ਉਹਨਾਂ ਦੀ ਵਿਰਾਸਤ ਦਾ ਦਾਅਵਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੇ ਸਤਿਕਾਰ ਆਪਣੇ ਗੁਣਾਂ ਕਰਕੇ ਲੈਣਾਂ ਹੈ। ਹਾਂ ਕੇਵਲ ਸੰਤਾਂ ਦੀ ਕੁਰਬਾਨੀ ਕਰਕੇ ਵੀ ਸੰਤਾਂ ਦਾ ਪਰਵਾਰ, ਉਹਨਾਂ ਦਾ ਜੱਥਾ ਸਤਿਕਾਰ ਦਾ ਹੱਕਦਾਰ ਹੈ ਪਰ ਇਸ ਸਤਿਕਾਰ ਦਾ ਅਰਥ ਉਹਨਾਂ ਦੀ ਸਿਆਸੀ ਅਗਵਾਈ ਨੂੰ ਸਵੀਕਾਰਨਾ ਨਹੀਂ ਹੋਏਗਾ। ਸਿਆਸੀ ਅਗਵਾਈ ਦਾ ਹੱਕ ਕੇਵਲ ਆਪਣੇ ਵਿਚਾਰਾਂ ਅਤੇ ਗੁਣਾਂ ਕਰਕੇ ਹੀ ਹਾਸਲ ਕੀਤਾ ਜਾ ਸਕਦਾ ਹੈ। ਮੇਰੀ ਇਸ ਸਾਫਗੋਈ ਨੇ ਕਈ ਜਜ਼ਬਾਤੀ ਲੋਕਾਂ ਨੂੰ ਮੇਰੇ ਨਾਲ ਨਰਾਜ਼ ਕੀਤਾ ਸੀ ਪਰ ਅੱਜ ਮੇਰੇ ਵਿਚਾਰਾਂ ਉੱਤੇ ਸਮੇਂ ਨੇ ਸਹੀ ਪਾ ਦਿੱਤੀ ਹੈ। 'ਸੰਤਾਂ ਦੇ ਕੁੱਤੇ' ਦੀ ਅਗਵਾਈ ਤਸਲੀਮ ਕਰਨ ਦੀਆਂ ਗੱਲਾਂ ਕਰਨ ਵਾਲੇ ਬਾਅਦ ਵਿਚ ਸਿਆਸੀ ਕਾਰਨਾਂ ਕਰਕੇ ਉਹਨਾਂ ਦੇ ਪਿਤਾ ਲਈ ਵੀ ਮਾੜੇ ਤੋਂ ਮਾੜਾ ਸ਼ਬਦ ਇਸਤੇਮਾਲ ਕਰਨੋਂ ਨਹੀਂ ਝਿਜਕੇ ਅਤੇ ਜਿਹੜੇ ਟਕਸਾਲ ਦੇ ਹਰ ਹੁਕਮ ਅੱਗੇ ਸਿਰ ਝੁਕਾਉਣ ਦੀਆਂ ਗੱਲਾਂ ਕਰਦੇ ਸਨ, ਉਨ੍ਹਾਂ ਅਪਣੇ ਸਿਆਸੀ ਕਾਰਨਾਂ ਕਰਕੇ ਟਕਸਾਲ ਤੋਂ ਮੂੰਹ ਮੋੜਿਆ। ਮੇਰੇ ਵਰਗੇ ਸਾਫਗੋਹ ਲੋਕ, ਜਿਹਨਾਂ ਉਤੇ ਸੰਤਾਂ ਦੇ ਪ੍ਰਵਾਰ ਜਾਂ ਟਕਸਾਲ ਦੇ ਵਿਰੋਧ ਦੇ ਇਲਜ਼ਾਮ ਲਾਏ ਗਏ, ਅੱਜ ਵੀ ਸੰਤਾਂ ਦੇ ਪ੍ਰਵਾਰ ਤੇ ਟਕਸਾਲ ਦਾ ਸਤਿਕਾਰ ਪਹਿਲਾਂ ਵਾਂਗ ਹੀ ਕਰਦੇ ਹਨ ਤੇ ਇਹ ਤਸਲੀਮ ਕਰਦੇ ਹਨ ਕਿ ਪਰਿਵਾਰ ਜਾਂ ਟਕਸਾਲ ਹਰ ਇੱਕ ਨੂੰ ਆਪਣੀ ਸਿਆਸਤ ਆਪਣੇ ਵਿਚਾਰਾ ਮੁਤਾਬਕ ਘੜਨ ਦਾ ਅਧਿਕਾਰ ਹੈ। ਅਤੇ ਮੇਰਾ ਇਹ ਅਧਿਕਾਰ ਵੀ ਆਪਣੀ ਥਾਂ 'ਤੇ ਕਾਇਮ ਹੈ ਕਿ ਟਕਸਾਲ ਜਾਂ ਪ੍ਰਵਾਰ ਦੇ ਸਤਿਕਾਰ ਦਾ ਮਤਲਬ ਉਹਨਾਂ ਦੀ ਸਿਆਸੀ ਰਹਿਨੁਮਾਈ ਨੂੰ ਸਵੀਕਾਰਨਾ ਨਹੀਂ। ਸ਼ਖਸੀਅਤਾਂ ਵਿਚਾਰਾਂ ਅਤੇ ਅਮਲਾਂ ਨਾਲ ਬਣਦੀਆਂ ਹਨ ਅਤੇ ਇਹਨਾਂ ਕਾਰਨਾਂ ਕਰਕੇ ਹੀ ਕੋਈ ਸ਼ਖਸੀਅਤ ਕਿਸੇ ਲਹਿਰ ਦਾ ਪ੍ਰੇਰਨਾ ਸਰੋਤ ਹੁੰਦੀ ਹੈ। ਪਰ ਲਹਿਰ ਨੂੰ ਸਖਸ਼ੀਅਤ ਨਾਲ ਇਸ ਹੱਦ ਤੱਕ ਨੱਥੀ ਕਰਨਾ ਕਿ ਲਹਿਰ ਦਾ ਨਿਸ਼ਾਨਾ ਸ਼ਖਸੀਅਤ ਦੇ ਸਾਹਮਣੇ ਛੋਟਾ ਹੋ ਕੇ ਰਹਿ ਜਾਵੇ ਕਿਸੇ ਵੀ ਤਰ੍ਹਾਂ ਦਰੁਸਤ ਨਹੀਂ ਹੈ। ਸ਼ਖਸੀਅਤ ਆਣੀ ਜਾਣੀ ਚੀਜ਼ ਹੈ ਅਤੇ ਇਹ ਵੀ ਇਕ ਸਚਾਈ ਹੈ ਕਿ ਹਰ ਇਕ ਵਿਅਕਤੀ ਦੀ ਆਪਣੀ ਇਕ ਵੱਖਰੀ ਸ਼ਖਸੀਅਤ ਹੁੰਦੀ ਹੈ। ਜ਼ਰੂਰੀ ਨਹੀਂ ਕਿ ਸੰਤਾਂ ਦੇ ਪਿਤਾ ਜਾਂ ਉਹਨਾਂ ਦਾ ਪੁੱਤਰ ਵੀ ਸੰਤਾਂ ਦੀ ਸੋਚ ਤੇ ਅਮਲਾਂ ਦੇ ਹਾਣ ਦਾ ਹੋਵੇ ਜਾਂ ਫਿਰ ਟਕਸਾਲ ਦਾ ਨਵਾਂ ਮੁਖੀ ਉਹਨਾਂ ਵਾਲੇ ਗੁਣਾਂ ਦਾ ਹੀ ਮਾਲਕ ਹੋਵੇ। ਲਹਿਰ ਦੀ ਸਫਲਤਾ ਲਈ ਜ਼ਰੂਰੀ ਹੈ ਕਿ ਲੋਕ ਵਿਚਾਰਾਂ ਅਤੇ ਨਿਸ਼ਾਨੇ ਨਾਲ ਜੋੜੇ ਜਾਣ, ਸਖਸ਼ੀਅਤ ਨਾਲ ਨਹੀਂ।

# ਪਾਠਕਾਂ ਦੀਆਂ ਚਿੱਠੀਆਂ

'ਜਨਤਕ ਪੈਗਾਮ' ਜਿਵੇਂ ਜਾਬਰ ਹਾਕਮਾਂ ਦੇ ਖਿਲਾਫ ਖੁਲ੍ਹ ਕੇ ਬੋਲ ਰਿਹਾ ਹੈ, ਉਸਦੀ ਮਿਸਾਲ ਆਪਣੇ ਆਪ ਨੂੰ ਪੰਥਕ ਕਹਾਉਂਦੇ ਰਸਾਲੇ ਵੀ ਪੇਸ਼ ਨਹੀਂ ਕਰ ਸਕੇ। 'ਚੋਣਾਂ ਲੜਨ ਜਾਂ ਨਾ ਲੜਨ?' ਬਾਰੇ ਜਾਰੀ ਕੀਤਾ ਗਿਆ ਪੈਂਫਲੈਟ ਬਹੁਤ ਹੀ ਸਲਾਹੁਣਯੋਗ ਹੈ। ਚੋਣਾਂ ਵਿਚ ਹਿੱਸਾ ਲੈਣ ਲਈ ਤਿਆਰੀਆਂ ਕੱਸ ਰਹੇ ਖਾੜਕੂਆਂ ਦੁਆਰਾ ਅਕਾਲੀਆਂ ਦੀ ਥਾਂ ਆਪ ਖੱਟੀ ਖੱਟਣ ਦੀ ਬਣਾਈ ਜਾ ਰਹੀ ਨੀਤੀ ਨੂੰ ਤੁਹਾਡੇ ਵਲੋਂ ਦਿਤੀ ਗਈ ਸਾਰਥਿਕ ਚੁਣੌਤੀ ਵੀ ਸ਼ਲਾਘਾ ਯੋਗ ਹੈ। ਅਸੀਂ ਸਭ ਸਾਥੀ ਪਰਚੇ ਦੀ ਲਗਾਤਾਰ ਉਡੀਕ ਕਰਦੇ ਰਹਿੰਦੇ ਹਾਂ।

—ਜਸਵਿੰਦਰ ਸਿੰਘ, ਖਰੜ

ਸਿੱਖ ਨੌਜਵਾਨਾਂ ਦਾ ਕਤਲੇਆਮ ਹੋ ਰਿਹਾ ਹੈ। ਧੀਆਂ ਭੈਣਾਂ ਦੀ ਪੱਤ ਰੁਲ ਰਹੀ ਹੈ। ਪਰ ਕੋਈ ਵੀ ਅਕਾਲੀ ਲੀਡਰ ਜਾਂ ਅਖੌਤੀ ਜਥੇਦਾਰ ਪੁਲਸ ਦੇ ਇਸ ਅਤਿਆਹਾਰ ਖਿਲਾਫ ਮੂੰਹ ਨਹੀਂ ਖੋਲ ਰਿਹਾ। ਤੁਸੀਂ ਸਿੱਖ ਕੌਮ ਤੇ ਵਾਪਰ ਰਹੀ ਜ਼ੁਲਮਾਂ ਦੀ ਲੜੀ ਨੂੰ ਲੋਕਾਂ ਸਾਹਮਣੇ ਰੱਖ ਕੇ ਇਕ ਦਲੇਰੀ ਭਰਿਆ ਕੰਮ ਕਰਕੇ ਮਨੁੱਖਤਾ ਦਾ ਦਿਲ ਜਿੱਤੀ ਜਾ ਰਹੇ ਹੋ ਜੋ ਤੁਸੀਂ ਚੋਣਾਂ ਬਾਰੇ ਪੈਂਫਲੈਟ ਕੱਢਿਆ ਸੀ ਉਸ ਨੂੰ ਪੜ੍ਹਕੇ ਖਾੜਕੂ ਸਿੰਘਾਂ ਦੀ ਸੋਚ ਹੋਰ ਪੱਕੀ ਹੋਈ ਹੈ ਤੇ ਆਉਣ ਵਾਲੇ ਸਮੇਂ 'ਚ ਹੋਣ ਵਾਲੇ ਧੋਖੇ ਤੋਂ ਸਾਵਧਾਨ ਹੋਏ ਹਨ ਪਰ ਕੁਝ ਖੱਟ ਕੇ ਵਾਪਸ ਘਰੇ ਪਰਤਣ ਦੀ ਨੀਤ ਨਾਲ ਖਾੜਕੂ ਸਫਾਂ 'ਚ ਖੜੇ ਲੀਡਰਾਂ ਦੇ ਜ਼ਰੂਰ ਢਿੱਡ ਪੀੜ ਹੋਵੇਗੀ। ਜੋ ਤੁਹਾਡੀ ਛਾਪੀ ਸਮਗਰੀ ਮਿਲਦੀ ਹੈ ਉਹ ਆਪ ਪੜ੍ਹਦਾ ਹਾਂ ਤੇ ਆਪਣਾ ਫਰਜ਼ ਸਮਝ ਕੇ ਹੋਰ ਦੋਸਤਾਂ ਨੂੰ ਪੜ੍ਹਾਉਂਦਾ ਹਾਂ। ਹੁਣ ਮੈਂ ਤੁਹਾਡੀ ਕਿਤਾਬ 'ਪੰਜਾਬ ਦਾ ਕੌਮੀ ਮਸਲਾ' ਪੜ੍ਹ ਰਿਹਾ ਹਾਂ। ਬੇਨਤੀ ਹੈ ਕਿ ਆਪ ਜੋ ਕੁਝ ਵੀ ਛਾਪੋ, ਜੇਲ੍ਹ ਵਿਚ ਬੈਠੇ ਬੰਦੀ ਸਿੰਘਾਂ ਨੂੰ ਜ਼ਰੂਰ ਭੇਜਿਆ ਕਰੋ।

ਜਸਵੰਤ ਸਿੰਘ ਖਾਰਾ,
ਕੇਂਦਰੀ ਜੇਲ੍ਹ, ਬਠਿੰਡਾ।

ਪੈਗਾਮ ਦੀ ਸਪਸ਼ਟ ਅਤੇ ਨਿਰਪੱਖ ਲੇਖਣੀ ਨੇ ਮਨ ਮੋਹ ਲਿਆ ਹੈ। ਜਿਸ ਤਰ੍ਹਾਂ ਤੁਸੀਂ ਪੰਜਾਬ ਦੇ ਲੋਕਾਂ ਅਤੇ ਘੱਟ ਗਿਣਤੀਆਂ 'ਤੇ ਹੋ ਰਹੇ ਜਬਰ ਦੇ ਖਿਲਾਫ ਡਟੇ ਹੋ, ਇਸੇ ਤਰ੍ਹਾਂ ਹਰ ਨੌਜਵਾਨ ਅਤੇ ਹਰ ਜਥੇਬੰਦੀ ਨੂੰ ਮੈਦਾਨ ਵਿਚ ਆਉਣਾ ਚਾਹੀਦਾ ਹੈ। ਮੈਂ ਆਸ ਕਰਦਾ ਹਾਂ ਕਿ ਤੁਸੀਂ ਭਵਿੱਖ ਵਿਚ ਵੀ ਪੰਜਾਬ ਦੇ ਪ੍ਰਤੀ ਘੱਟਗਿਣਤੀ ਕੌਮਾਂ ਅਤੇ ਮੰਗਾਂ ਦੇ ਹੱਕ ਵਿਚ ਇਸੇ ਤਰ੍ਹਾਂ ਹੀ ਡਟੇ ਰਹੋਂਗੇ। ਦਸਮੇਸ਼ ਪਿਤਾ ਜੀ ਦੇ ਅਸ਼ੀਰਵਾਦ ਨਾਲ ਸਮੂਹ ਜਨਤਾ ਆਪ ਜੀ ਦੇ ਨਾਲ ਹੈ।

ਸੁਖਵਿੰਦਰ ਸਿੰਘ ਗਿੱਲ,
ਊਂਚੀ ਬਸੀ (ਹੁਸ਼ਿਆਰਪੁਰ)

ਪੰਜਾਬ ਵਿਚ ਹੋ ਰਹੇ ਪੁਲਸੀ ਜਬਰ ਦੀ ਧੀਆਂ-ਭੈਣਾਂ ਬੇਪਤੀ ਅਤੇ ਝੂਠੇ ਕੇਸਾਂ ਬਾਰੇ ਜੋ ਤੁਸਾਂ ਸਟੈਂਡ ਲਿਆ ਹੈ, ਬੇਹੱਦ ਸਲਾਹੁਣਯੋਗ ਹੈ। ਮੈਂ ਤੁਹਾਡਾ ਹੁਣੇ ਕੱਢਿਆ ਗਿਆ ਕਿਤਾਬਚਾ 'ਚੋਣਾਂ ਲੜੀਆਂ ਜਾਣ ਜਾਂ ਨਾ ?' ਪੜ੍ਹਿਆ ਤੇ ਹੋਰ ਵੀ ਕਈ ਸਾਥੀਆਂ ਨੂੰ ਪੜ੍ਹਾਇਆ ਹੈ। ਪਿਛਲੇ ਅਮਲਾਂ ਤੇ ਹਕੀਕਤਾਂ ਨੂੰ ਦੇਖਦੇ ਹੋਏ (ਜਿਵੇਂ ਤੁਸੀਂ ਜ਼ਿਕਰ ਕੀਤਾ ਹੈ ਖਾੜਕੂ ਵੀਰਾਂ ਨੂੰ ਸਬਕ ਸਿੱਖਣਾ ਚਾਹੀਦਾ ਹੈ ਤੇ ਚੋਣਾਂ ਦੀ ਗੰਦੀ ਖੇਡ ਤੋਂ ਦੂਰ ਰਹਿ ਕੇ ਕੌਮ ਦੀ ਆਜ਼ਾਦੀ ਲਈ ਹਥਿਆਰਬੰਦ ਘੋਲ ਲੜਨਾ ਚਾਹੀਦੈ।

ਸੁਖਦੇਵ ਸਿੰਘ 'ਸੁੱਖਾ',
ਦਾਨੇਵਾਸ (ਬਠਿੰਡਾ)

# ਜਨਤਕ ਪੈਗਾਮ ਦੇ ਪਾਠਕਾਂ ਦੇ ਨਾਂ

☩ ਜਨਤਕ ਪੈਗਾਮ ਦੇ ਪਾਠਕੋ ! ਜੇ ਤੁਹਾਨੂੰ ਲਗਦਾ ਹੈ ਕਿ ਪੰਜਾਬ ਦੇ ਮੌਜੂਦਾ ਕਹਿਰ ਭਰੇ ਦੌਰ 'ਚ ਜਨਤਕ ਪੈਗਾਮ ਦਾ ਰੋਲ ਹਾਂ ਪੱਖੀ ਹੈ ਤਾਂ ਤੁਸੀਂ ਇਸ ਪਰਚੇ ਦੇ ਹੋਰ ਨਵੇਂ ਪਾਠਕ ਬਣਾਓ।

☩ ਆਪਣੇ ਨੇੜੇ ਦੇ ਬੁੱਕ ਸਟਾਲ ਤੋਂ ਪਤਾ ਕਰੋ ਕਿ ਉਥੇ 'ਜਨਤਕ ਪੈਗਾਮ' ਪਹੁੰਚਦਾ ਹੈ ਜਾਂ ਨਹੀ। ਜੇ ਨਹੀਂ, ਤਾਂ ਤੁਰੰਤ ਬੁਕ ਸਟਾਲ ਵਾਲੇ ਨਾਲ ਗੱਲ ਕਰਕੇ ਉਸ ਦਾ ਸਿਰਨਾਵਾਂ ਸਾਡੇ ਕੋਲ ਪਹੁੰਚਾਓ।

☩ ਬਹੁਤ ਸਾਰੇ ਪਾਠਕਾਂ ਦੇ ਚੰਦੇ ਇਸ ਅੰਕ ਨਾਲ ਤੇ ਪਹਿਲਾਂ ਵੀ ਖਤਮ ਹੋ ਚੁੱਕੇ ਹਨ। ਅਗਲੇ ਸਾਲ ਲਈ ਆਪਣਾ ਚੰਦਾ ਜਲਦੀ ਤੋਂ ਜਲਦੀ ਭੇਜੋ। ਮਨੀਆਰਡਰ 'ਤੇ ਆਪਣਾ ਸਿਰਨਾਵਾਂ ਲਿਖਣਾ ਨਾ ਭੁੱਲੋ।

☩ 'ਜਨਤਕ ਪੈਗਾਮ ਅੰਦਰ ਦਰਜ ਵਿਚਾਰਾਂ ਬਾਰੇ ਆਪਣੀ ਰਾਇ, ਸੁਝਾਓ ਤੇ ਟਿੱਪਣੀਆਂ ਸਾਡੇ ਨਾਲ ਚਿੱਠੀ ਰਾਹੀਂ ਜ਼ਰੂਰ ਸਾਂਝੀਆਂ ਕਰੋ।

ਸਾਲਾਨਾ ਚੰਦਾ : 50 ਰੁਪਏ, ਛਿਮਾਹੀ ਚੰਦਾ : 25 ਰੁਪਏ
ਬਦੇਸ਼ਾਂ ਲਈ : 15 ਪੌਂਡ ਜਾਂ 20 ਡਾਲਰ

ਚਿੱਠੀ ਪੱਤਰ ਸਹਾਇਤਾ ਤੇ ਚੰਦਾ ਭੇਜਣ ਲਈ ਪਤਾ :
ਮਾਲਵਿੰਦਰ, ਸਿੰਘ ਮਾਲੀ
ਪਿੰਡ ਤੇ ਡਾਕ: ਸਕਰੋਦੀ, ਜਿਲ੍ਹਾ ਸੰਗਰੂਰ-148026

"ਜਨਤਕ ਪੈਗਾਮ" ਅੰਦਰ ਛਪੀ ਕਿਸੇ ਵੀ ਲਿਖਤ ਨੂੰ ਬਿਨਾਂ ਕਿਸੇ ਆਗਿਆ ਦੇ ਮੁੜ ਛਾਪਣ ਦੀ ਪੂਰੀ ਖੁੱਲ੍ਹ ਹੈ।

ਉੱਚਕੋਟੀ ਦੇ ਮਾਰਕਸਵਾਦੀ ਵਿਦਵਾਨਾਂ ਦੀਆਂ ਲਿਖਤਾਂ ਦਾ ਸੰਗ੍ਰਹਿ

# ਪੰਜਾਬ ਦਾ ਕੌਮੀ ਮਸਲਾ

## ਖੱਬੇ ਪੱਖੀ ਚਿੰਤਕਾਂ ਦੀ ਨਜ਼ਰ 'ਚ

ਛੱਪਕੇ ਮਾਰਕੀਟ 'ਚ ਆ ਚੁੱਕਾ ਹੈ

ਸੰਪਾਦਕ ਮਾਲਵਿੰਦਰ ਸਿੰਘ ਮਾਲੀ

**ਇਸ ਸੰਗ੍ਰਹਿ ਦੇ ਲੇਖਕ ਹਨ :—**

ਡਾ: ਕਰਮ ਸਿੰਘ ਗਿੱਲ
ਡਾ: ਗੁਰਭਗਤ ਸਿੰਘ
ਕਾ: ਅਜਮੇਰ ਸਿੰਘ
ਪ੍ਰਿੰ: ਸੰਤ ਸਿੰਘ ਸੇਖੋਂ
ਪ੍ਰੋ: ਕਿਸ਼ਨ ਸਿੰਘ
ਡਾ: ਭਗਵਾਨ ਸਿੰਘ ਜੋਸ਼
ਪ੍ਰੋ: ਨਾਜਰ ਸਿੰਘ
ਡਾ: ਪਰੀਤਮ ਸਿੰਘ ਗਿੱਲ
ਸ੍ਰੀ ਹਰਵਿੰਦਰ ਸਿੰਘ
ਪ੍ਰੋ: ਪਿਆਰਾ ਸਿੰਘ ਭੋਗਲ
ਡਾ: ਨਿਰਮਲ ਸਿੰਘ ਅਜਾਦ
ਸ੍ਰੀ ਗੁਰਵੇਲ ਸਿੰਘ ਪਨੂੰ

ਸਿੱਖੀ ਦੇ ਜਜ਼ਬੇ ਦੀ ਅਸਲੀ ਡੂੰਘੀ ਤੇ ਇਤਿਹਾਸਕ ਤਾਸੀਰ ਇਸ ਜਜ਼ਬੇ ਦਾ 'ਨੀਚਾਂ ਦਾ ਹਾਮੀ ਹੋਣਾ ਤੇ 'ਸਿਕਦਾਰਾਂ' ਦਾ ਵਿਰੋਧੀ ਹੋਣਾ ਹੈ ਤੇ ਸਭ ਤੋਂ ਵੱਡੀ ਗੱਲ ਇਸਦਾ ਬ੍ਰਾਹਮਣਵਾਦ ਦੀ ਪੈਦਾ ਕੀਤੀ ਜਾਤਪਾਤ ਦੇ ਖਿਲਾਫ ਡਟਣਾ ਹੈ। ਜੋ ਲੋਕ ਇਸ ਗੱਲ ਦਾ ਅਹਿਸਾਸ ਨਹੀਂ ਕਰਦੇ ਤੇ ਨਾ ਹੀ ਦੂਸਰਿਆਂ ਨੂੰ ਕਰਵਾਉਂਦੇ ਹਨ, ਉਹ ਸਿੱਖੀ ਦੇ ਇਤਿਹਾਸਕ ਮਿਸ਼ਨ ਤੋਂ ਮੁਨਕਰ ਹਨ ਤੇ ਸਿੱਖੀ ਦੀ ਸਪਿਰਟ ਨੂੰ ਗੰਧਲਾ ਕਰਦੇ ਹਨ। ਇਤਿਹਾਸਕ ਦ੍ਰਿਸ਼ਟੀਕੋਣ ਤੋਂ ਦੇਖਿਆਂ ਸਿੱਖੀ ਦੇ ਅਸਲੀ ਤੇ ਵਧੇਰੇ ਚਾਤੁਰ ਦੁਸ਼ਮਣ ਇਹੀ ਹਨ।

—ਡਾ: ਭਗਵਾਨ ਸਿੰਘ ਜੋਸ਼

ਸਿੱਖ ਧਨਾਡਾਂ ਦਾ ਸਿੱਖ ਸਿਆਸਤ ਉਤੋਂ ਗਲਬਾ ਖਤਮ ਕਰਨਾ ਪੈਣਾ ਹੈ। ਸਿੱਖ ਧਨਾਢ ਵੱਡੀ ਭਾਰਤੀ ਬੁਰਜੂਆਜ਼ੀ ਦੇ ਜਮਾਤੀ ਭਾਈਵਾਲ ਹਨ ਅਤੇ ਭਾਵੇਂ ਪੰਜਾਬੀ ਹਿੰਦੂ ਧਨਾਢਾਂ ਵਾਂਗੂ ਪੰਜਾਬ ਦੇ ਸੰਘਰਸ਼ ਦੀ ਨੰਗੀ ਚਿੱਟੀ ਵਿਰੋਧਤਾ ਨਹੀਂ ਕਰਦੇ ਪਰ ਅੰਦਰੋਂ ਚੁਪ ਚਪੀਤੇ ਮਾਰੂ ਵਾਰ ਕਰਨੋਂ ਗੁਰੇਜ਼ ਨਹੀਂ ਕਰਦੇ।

—ਡਾ: ਪ੍ਰੀਤਮ ਸਿੰਘ ਗਿੱਲ

ਜਦੋਂ ਕੋਈ ਤੁਹਾਡੀ ਕਲਚਰ ਉਪਰ ਹਮਲਾ ਕਰਦਾ ਹੈ-ਬੋਲੀ ਜੋ ਕਲਚਰ ਦੀ ਨੀਂਹ ਹੈ, ਉਸ 'ਤੇ ਵਾਰ ਕਰਦਾ ਹੈ, ਉਹ ਖੈਰ ਹੱਥਾ ਨਹੀਂ ਹੁੰਦਾ। ਉਹ ਤੁਹਾਡਾ ਮਿੱਤ ਨਹੀਂ ਹੁੰਦਾ। ਉਹ ਤੁਹਾਡੀ ਜਿੰਦਗੀ ਦਾ ਘਾਤਕ ਹੁੰਦਾ ਹੈ। ਤੁਹਾਨੂੰ ਗੁਲਾਮ ਬਣਾਕੇ ਤੁਹਾਡਾ ਢਿੱਡ ਧੌਣ ਦੇ ਰਾਹੇ ਹੁੰਦਾ ਹੈ। ਜਦੋਂ ਕੋਈ ਤੁਹਾਡੀ ਕਲਚਰ 'ਤੇ ਹਮਲਾ ਕਰਦਾ ਹੈ ਅਤੇ ਤੁਸੀਂ ਉਸਨੂੰ ਠੱਲ ਨਹੀਂ ਪਾਉਂਦੇ, ਪੈਂਦੀ ਸੱਟੇ ਉਸਦੇ ਦੰਦ ਖੱਟੇ ਨਹੀਂ ਕਰਦੇ, ਤੁਸੀਂ ਸਮਝੋ ਗਏ।

—ਪ੍ਰੋ: ਕਿਸ਼ਨ ਸਿੰਘ

ਕਿਸੇ ਵੀ ਦੱਬੀ-ਕੁਚਲੀ ਤੇ ਮਜ਼ਲੂਮ ਕੌਮ ਦੇ ਅਜ਼ਾਦ ਤੇ ਸਵੈ-ਨਿਰਭਰ ਵਿਕਾਸ ਲਈ ਮੂਲ-ਸ਼ਰਤ ਇਹ ਹੈ ਕਿ ਉਸ ਦੀ ਹੋਣੀ ਨੂੰ ਨਿਸ਼ਚਤ ਕਰਨ ਦਾ ਅਧਿਕਾਰ ਉਸਦੇ ਆਪਣੇ ਹੱਥ ਹੋਵੇ। ਆਪਣੀ ਹੋਣੀ ਦੇ ਫੈਸਲੇ ਨੂੰ ਬੇ-ਪ੍ਰਤੀਤੇ ਅਤੇ ਦੁਸਮਣ ਖੈਰ ਹੱਥਾਂ ਦੇ ਰਹਿਮ 'ਤੇ ਛੱਡ ਦੇਣਾ, ਕੌਮੀ ਖੁਦਕਸ਼ੀ ਦਾ ਰਾਹ ਅਖਤਿਆਰ ਕਰਨਾ ਹੈ।

—ਕਾ: ਅਜਮੇਰ ਸਿੰਘ

**ਮਿਲਣ ਦਾ ਪਤਾ : ਮਾਲਵਿੰਦਰ ਸਿੰਘ ਮਾਲੀ, ਪਿੰਡ ਤੇ ਡਾਕਖਾਨਾ ਸਕਰੌਦੀ, ਜ਼ਿਲ੍ਹਾ ਸੰਗਰੂਰ-148026, ਕੀਮਤ : ਲਾਇਬਰੇਰੀ ਐਡੀਸ਼ਨ 40/- ਰੁ:, ਰਿਆਇਤੀ ਮੁੱਲ—20/- ਰੁ:, (5/- ਰੁ: ਡਾਕ ਖ਼ਰਚ ਵਖਰਾ)**

**JANTAK PAIGHAM 35, AL/TC/87/070523**

## ਪੰਜਾਬ ਦੇ ਗਵਰਨਰ

# ਰੇਅ ਨੂੰ "ਪੰਜਾਬ ਛੱਡੋ" ਦਾ ਨੋਟਿਸ

ਪੰਜਾਬ ਅੰਦਰ ਗਵਰਨਰੀ ਰਾਜ ਨੂੰ 30 ਮਹੀਨੇ ਹੋ ਚੱਲੇ ਹਨ। ਇਹਨਾਂ 30 ਮਹੀਨਿਆਂ ਦੌਰਾਨ ਪੰਜਾਬ ਦੇ ਲੋਕਾਂ, ਖਾਸ ਕਰਕੇ ਸੰਘਰਸ਼ਸ਼ੀਲ ਸਿੱਖ ਭਾਈਚਾਰੇ ਉਤੇ ਹਕੂਮਤੀ ਜਬਰ ਦੇ ਜੋ ਵਹਿਸ਼ੀ ਝੱਖੜ ਝੁੱਲੇ ਹਨ, ਉਹ ਕਿਸੇ ਜ਼ਿਕਰ ਅਤੇ ਵਿਆਖਿਆ ਦੇ ਮੁਥਾਜ ਨਹੀਂ। 30 ਮਹੀਨਿਆਂ ਦਾ ਇਹ ਰਾਜ "ਜੰਗਲ ਦੇ ਕਨੂੰਨ" ਦਾ ਰਾਜ ਹੋ ਗੁਜ਼ਰਿਆ ਹੈ। ਇਸ ਰਾਜ ਦੌਰਾਨ ਪੰਜਾਬ ਦੇ ਲੋਕਾਂ ਉਤੇ ਮੁਗਲ ਅਤੇ ਬਰਤਾਨਵੀ ਰਾਜ ਨਾਲੋਂ ਵੀ ਵੱਧ ਭੈੜੇ ਕਨੂੰਨ ਅਜ਼ਮਾਏ ਗਏ। ਹਜ਼ਾਰਾਂ ਸਿੱਖ ਗੱਭਰੂਆਂ ਦੀਆਂ ਗੈਰ-ਕਨੂੰਨੀ ਗ੍ਰਿਫਤਾਰੀਆਂ, ਥਾਂ-ਥਾਂ 'ਤੇ ਖੋਲੇ ਗੈਰ-ਕਾਨੂੰਨੀ ਬੁੱਚੜਖਾਨੇ (ਤਸੀਹਾ ਕੇਂਦਰ), ਸਿੱਖ ਬੀਬੀਆਂ ਦੀਆਂ ਗੈਰ-ਕਾਨੂੰਨੀ ਗ੍ਰਿਫਤਾਰੀਆਂ ਅਤੇ ਉਹਨਾਂ ਨਾਲ ਬੁੱਚੜਖਾਨਿਆਂ ਅੰਦਰ ਹੱਦ ਦਰਜੇ ਦਾ ਅਸਿਭਅ ਵਰਤਾਓ, ਹਜ਼ਾਰਾਂ ਸਿੱਖ ਜੁਝਾਰੂਆਂ ਦਾ ਝੂਠੇ ਪੁਲਸ ਮੁਕਾਬਲਿਆਂ ਰਾਹੀਂ ਗੈਰ-ਵਿਧਾਨਕ ਕਤਲੇਆਮ, ਸਿੱਖ ਜੁਝਾਰੂਆਂ ਦੇ ਘਰਾਂ ਦੀ ਵਿਆਪਕ ਪੈਮਾਨੇ 'ਤੇ ਤਬਾਹੀ ਅਤੇ ਉਹਨਾਂ ਦੇ ਸਕੇ-ਸਨਬੰਧੀਆਂ ਨਾਲ ਜਾਂਗਲੀ ਵਰਤਾਓ, ਪਿੰਡਾਂ ਦੇ ਪੰਚਾਂ-ਸਰਪੰਚਾਂ ਦੀ ਪੁਲਸ ਹੱਥੋਂ ਬੇਇਜ਼ਤੀ ਤੇ ਕੁਟਾਪੇ, ਪੁਲਸ ਦੁਆਰਾ ਜਥੇਬੰਦ ਕੀਤੇ ਖੁਫੀਆ ਕਾਤਲੀ ਦਸਤੇ ਅਤੇ ਉਹਨਾਂ ਵੱਲੋਂ ਵਿਆਪਕ ਪੈਮਾਨੇ 'ਤੇ ਕੀਤੀਆਂ ਗਈਆਂ ਲੁੱਟ-ਖੋਹ, ਮਾਰ-ਧਾੜ ਤੇ ਕਤਲੋਗਾਰਤ ਦੀਆਂ ਵਾਰਦਾਤਾਂ—ਇਸ ਸਭ ਕੁੱਝ ਨੂੰ ਦੇਖਦੇ ਹੋਏ ਸਿਧਾਰਥ ਸ਼ੰਕਰ ਰੇਅ ਦੇ ਗਵਰਨਰੀ ਰਾਜ ਦੀ ਮੀਰ ਮਨੂੰ ਜਾਂ ਵਜੀਦ ਖਾਂ ਦੇ ਰਾਜ ਨਾਲ ਤੁਲਨਾ ਕਰਨੀ ਕੋਈ ਗੈਰ-ਹਕੀਕੀ ਨਹੀਂ ਹੋਵੇਗੀ। ਇਸ ਰਾਜ ਦਾ ਹਰ ਦਿਨ ਪੰਜਾਬੀ ਲੋਕਾਂ ਦੇ ਲਹੂ ਨਾਲ ਗੜੁੱਚ ਹੈ। ਇਸ ਰਾਜ ਦੀ ਹਰ ਵਹਿਸ਼ੀ ਘਟਨਾ ਪੰਜਾਬੀ ਲੋਕਾਂ ਦੇ ਮਨਾਂ ਅੰਦਰ ਇਕ ਜ਼ਹਿਰ ਭਰਿਆ ਡੰਗ ਬਣਕੇ ਰਹਿ ਗਈ ਹੈ।

30 ਸਤੰਬਰ ਨੂੰ ਰਾਜ ਭਵਨ ਦੇ ਪੁਰਅਮਨ ਘਿਰਾਓ ਦਾ ਪ੍ਰੋਗਰਾਮ ਪੰਜਾਬੀ ਲੋਕਾਂ ਦੇ ਮਨ ਦੀ ਇਸ ਪੀੜ ਦੀ ਇਕ ਨਰਮ ਜਿਹੀ ਹੂਕ ਸੀ। ਇਸ ਐਕਸ਼ਨ ਦਾ ਮਕਸਦ ਭਾਰਤੀ ਹਾਕਮਾਂ ਦੀਆਂ ਪੰਜਾਬੀ ਲੋਕਾਂ ਪ੍ਰਤੀ ਧਾਰਨ ਕੀਤੀਆਂ ਜ਼ਾਬਰ ਨੀਤੀਆਂ ਦਾ ਪਰਦਾਫਾਸ਼ ਕਰਨਾ ਤੇ ਇਹਨਾਂ ਪ੍ਰਤੀ ਪੰਜਾਬੀ ਲੋਕਾਂ ਦੇ ਰੋਸ ਤੇ ਗੁੱਸੇ ਦਾ ਵਿਧਾਨਕ ਢੰਗ ਰਾਹੀਂ ਪ੍ਰਗਟਾਵਾ ਕਰਨਾ ਸੀ।

ਪਰ ਗਵਰਨਰੀ ਪ੍ਰਸ਼ਾਸਨ ਪੂਰੀ ਤਰ੍ਹਾਂ ਇਸ ਹੱਕੀ ਤੇ ਵਿਧਾਨਕ ਐਕਸ਼ਨ ਪ੍ਰਤੀ ਜਿਸ ਢੰਗ ਨਾਲ ਪੇਸ਼ ਆਇਆ ਹੈ, ਉਸ ਤੋਂ ਇਹ ਗੱਲ ਭਲੀ-ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਭਾਰਤੀ ਹਾਕਮਾਂ ਨੇ ਪੰਜਾਬ ਦੇ ਲੋਕਾਂ ਉਤੇ ਆਪਣੇ ਸੂਬੇਦਾਰਾਂ ਰਾਹੀਂ ਜਾਬਰ ਢੰਗ ਨਾਲ ਰਾਜ ਕਰਨ ਦੀਆਂ ਮੰਦੀਆਂ ਧਾਰ ਰੱਖੀਆਂ ਹਨ। ਪੰਜਾਬੀ ਲੋਕਾਂ ਦੇ ਹੱਕੀ ਰੋਸ-ਪ੍ਰਗਟਾਵੇ ਨੂੰ ਜਾਂਗਲੀ-ਪੁਣੇ ਨਾਲ ਕੁਚਲਣ ਦੀ ਇਹ ਕੋਸ਼ਿਸ਼ ਗਵਰਨਰੀ ਰਾਜ ਦੇ ਫਾਸ਼ੀ ਕਿਰਦਾਰ ਦਾ ਇਕ ਹੋਰ ਉਘੜਵਾਂ ਇਜ਼ਹਾਰ ਹੋ ਨਿੱਬੜੀ ਹੈ। ਇਸ ਅਤਿ ਦਰਜੇ ਦੀ ਜਾਬਰ ਤੇ ਭੜਕਾਊ ਕਾਰਵਾਈ ਤੋਂ ਬਾਅਦ ਪੰਜਾਬ ਦੇ ਲੋਕਾਂ ਦਾ ਗਵਰਨਰੀ ਰਾਜ ਤੋਂ ਮੁਕੰਮਲ ਰੂਪ 'ਚ ਭਰੋਸਾ ਉੱਠ ਚੁੱਕਾ ਹੈ। ਲੱਗਭਗ 30 ਮਹੀਨਿਆਂ ਤੋਂ ਨਾਦਰਸ਼ਾਹੀ ਜ਼ੁਲਮਾਂ ਦੀ ਮਾਰ ਸਹਿੰਦੇ ਆ ਰਹੇ ਪੰਜਾਬ ਦੇ ਲੋਕ ਹੁਣ ਸਿਧਾਰਥ ਸ਼ੰਕਰ ਰੇਅ ਨਾਂਓ ਦੇ ਫਾਸ਼ੀ ਸੂਬੇਦਾਰ ਨੂੰ ਇਕ ਪਲ ਲਈ ਵੀ ਪੰਜਾਬ ਅੰਦਰ ਸਹਿਣ ਲਈ ਤਿਆਰ ਨਹੀਂ ਹਨ। ਪੰਜਾਬੀ ਲੋਕਾਂ ਦੀਆਂ ਨਜ਼ਰਾਂ 'ਚ ਮੀਰ ਮੰਨੂ, ਜ਼ਕਰੀਆ ਖਾਂ, ਵਜ਼ੀਦ ਖਾਂ ਅਤੇ ਜਨਰਲ ਡਾਇਰ ਵਾਂਗ ਨਫਰਤ ਦਾ ਪਾਤਰ ਬਣ ਚੁੱਕੇ ਇਸ ਚੰਡਾਲ ਹਾਕਮ ਨੂੰ ਪੰਜਾਬ 'ਚੋਂ ਦਫ਼ਾ ਕਰਨ ਦੀ ਮੰਗ ਪੂਰੀ ਤਰ੍ਹਾਂ ਨਿਆਈਂ ਹੈ।

ਇਸ ਕਰਕੇ ਅਸੀਂ ਪੰਜਾਬੀ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਅਤੇ ਤਰਜਮਾਨੀ ਕਰਦੇ ਹੋਏ ਰੇਅ ਨੂੰ '**ਪੰਜਾਬ ਛੱਡੋ**' ਦਾ ਨੋਟਿਸ ਜਾਰੀ ਕਰਦੇ ਹਾਂ। ਅਸੀਂ ਛੇਤੀ ਹੀ ਗਵਰਨਰੀ ਰਾਜ ਬਾਰੇ ਇਕ "**ਵਾਈਟ ਪੇਪਰ**" ਜਾਰੀ ਕਰਨ ਜਾ ਰਹੇ ਹਾਂ ਜਿਸ ਵਿਚ ਰੇਅ ਦੀ ਸਿੱਧੀ ਰਹਿਨੁਮਾਈ ਹੇਠ ਪੰਜਾਬੀ ਲੋਕਾਂ ਉਤੇ ਢਾਹੇ ਅਣਮਨੁੱਖੀ ਜ਼ੁਲਮਾਂ ਅਤੇ ਪੰਜਾਬ ਪ੍ਰਸ਼ਾਸਨ ਅੰਦਰ ਉਪਰ ਤੋਂ ਲੈ ਕੇ ਹੇਠਾਂ ਤੱਕ ਰਮ ਚੁੱਕੇ ਭ੍ਰਿਸ਼ਟਾਚਾਰ ਦਾ ਭਾਂਡਾ ਭੰਨਿਆ ਜਾਵੇਗਾ।

ਪੰਜਾਬ ਦੇ ਗਵਰਨਰ ਸਿਧਾਰਥ ਸ਼ੰਕਰ ਰੇਅ ਨੇ 30 ਸਤੰਬਰ ਦੇ ਘਿਰਾਓ ਦੇ ਪ੍ਰੋਗਰਾਮ ਉਤੇ ਵਹਿਸ਼ੀ ਧਾਵਾ ਬੋਲ ਕੇ ਪੰਜਾਬੀ ਲੋਕਾਂ ਦੀ ਅਣਖ ਨੂੰ ਵੰਗਾਰਿਆ ਹੈ। ਅਸੀਂ ਇਹ ਚੁਣੌਤੀ ਸਵੀਕਾਰ ਕਰਦੇ ਹਾਂ ਅਤੇ ਉਸਨੂੰ ਪੰਜਾਬੀ ਲੋਕਾਂ ਦੇ ਮੋੜਵੇਂ ਵਾਰ ਦਾ ਸੁਆਦ ਚੱਖਣ ਲਈ ਤਿਆਰ ਹੋ ਜਾਣ ਲਈ ਕਹਿੰਦੇ ਹਾਂ। ਅਸੀਂ ਸਮੂਹ ਪੰਜਾਬੀ ਭਾਈਚਾਰੇ ਬੁੱਧੀਜੀਵੀਆਂ, ਰਾਜਸੀ, ਧਾਰਮਿਕ, ਸਮਾਜਿਕ ਤੇ ਹੋਰ ਜਨਤਕ ਜਥੇਬੰਦੀਆਂ ਨੂੰ ਇਹ ਜ਼ੋਰਦਾਰ ਅਪੀਲ ਕਰਦੇ ਹਾਂ ਕਿ ਉਹ ਪੰਜਾਬ ਉਤੇ ਥੋਪੇ ਗਏ ਇਸ ਫਾਸ਼ੀ ਸੂਬੇਦਾਰ ਨਾਲੋਂ ਆਪਣੇ ਹਰ ਕਿਸਮ ਦੇ ਸਬੰਧ ਤੋੜਨ ਦਾ ਐਲਾਨ ਕਰਨ।

**ਵਲੋਂ : ਦੇਸ਼ ਪੰਜਾਬ ਸਟੂਡੈਂਟਸ ਯੂਨੀਅਨ**